ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194895582124531/

**Awaze Qaum**

(ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

**International Daily Newspaper & WEB TV**

awazeqaumtvpunjab@gmail.com

ਮੰਗਲਵਾਰ, 30 ਅਪ੍ਰੈਲ 2024 (ਨਾਨਕਸ਼ਾਹੀ ਸੰਮਤ : ੫੫੬, ੧੮ ਵੈਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## 25 ਮਈ ਨੂੰ ਖੁੱਲ੍ਹਣਗੇ ਸੰਗਤਾਂ ਲਈ ਸ੍ਰੀ ਹੇਮਕੁੰਟ ਸਾਹਿਬ ਦੇ ਕਪਾਟ

**ਚੰਡੀਗੜ੍ਹ, 29 ਮਈ (ਆਵਾਜ਼ਿ ਕੌਮ ਬਿਊਰੋ)**-25 ਮਈ ਨੂੰ ਸੰਗਤਾਂ ਵਾਸਤੇ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਪਾਟ ਖੋਲ੍ਹੇ ਜਾਣਗੇ। ਇਸ ਨਾਲ ਇਹ ਇਸ ਵਰ੍ਹੇ ਦੀ ਸਾਲਾਨਾ ਯਾਤਰਾ ਆਰੰਭ ਹੋ ਜਾਵੇਗੀ। ਹਾਸਲ ਜਾਣਕਾਰੀ ਮੁਤਾਬਕ ਉੱਤਰਾਖੰਡ ਸਥਿਤ ਲਗਪਗ 15 ਹਜ਼ਾਰ ਫੁੱਟ ਦੀ ਉਚਾਈ ਤੇ ਸਥਾਪਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਲਈ ਮਾਰਗ ਤਿਆਰ ਕਰਨ ਲਈ ਭਾਰਤੀ ਫੌਜ ਦੇ ਜਵਾਨਾਂ ਵੱਲੋਂ ਗੁਰਦੁਆਰੇ ਤੋਂ ਤਿੰਨ ਕਿਲੋਮੀਟਰ ਪਹਿਲਾਂ ਬਰਫ ਦੀ ਕਟਾਈ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ। ਇਸ ਖੇਤਰ ਵਿੱਚ ਇਸ ਵੇਲੇ ਲਗਪਗ 8 ਫੁੱਟ ਤੱਕ ਬਰਫ ਹੈ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਭਾਰਤੀ ਫੌਜ ਦੇ ਜਵਾਨ ਤੇ ਗੁਰਦੁਆਰਾ ਟਰੱਸਟ ਦੇ ਸੇਵਾਦਾਰਾਂ ਦਾ ਇੱਕ 50 ਮੈਂਬਰੀ ਦਲ ਸਾਲਾਨਾ ਯਾਤਰਾ ਵਾਸਤੇ ਰਸਤੇ ਤਿਆਰ ਕਰਨ ਤੇ ਹੋਰ ਪ੍ਰਬੰਧਾਂ ਲਈ ਸੇਵਾ ਕਰ ਰਿਹਾ ਹੈ। ਇਸ ਦਲ ਨੇ 22 ਤੋ 27 ਅਪਰੈਲ ਤੱਕ ਗੁਰਦੁਆਰਾ ਗੋਬਿੰਦ ਧਾਮ ਵਿਖੇ ਬਰਫ ਹਟਾਈ ਹੈ ਤੇ ਹੋਰ ਪ੍ਰਬੰਧ ਕੀਤੇ ਹਨ। ਇਸ ਤੋਂ ਬਾਅਦ ਹੁਣ ਉੱਪਰਲੇ ਛੇ ਕਿਲੋਮੀਟਰ ਰਸਤੇ ਦੀ ਤਿਆਰੀ ਦਾ ਕੰਮ ਸ਼ੁਰੂ ਕੀਤਾ ਗਿਆ। ਗੁਰਦੁਆਰਾ ਸ੍ਰੀ ਗੋਬਿੰਦ ਘਾਟ ਦੇ ਮੈਨੇਜਰ ਭਾਈ ਸੇਵਾ ਸਿੰਘ ਨੇ ਦੱਸਿਆ ਕਿ ਭਾਰਤੀ ਫੌਜ ਤੇ ਗੁਰਦੁਆਰੇ ਦੇ ਸੇਵਾਦਾਰਾਂ ਦਾ ਇਹ ਦਲ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਤੋਂ ਤਿੰਨ ਕਿਲੋਮੀਟਰ ਪਿੱਛੇ ਅਟਲਾਕੋਟੀ ਗਲੇਸ਼ੀਅਰ ਵਿਖੇ ਬਰਫ ਹਟਾਉਣ ਦਾ ਕੰਮ ਕਰ ਰਿਹਾ ਹੈ। ਇਸ ਥਾਂ ਤੇ ਇਸ ਵੇਲੇ ਛੇ ਤੋਂ ਅੱਠ ਫੁੱਟ ਤੋਂ ਵਧੇਰੇ ਬਰਫ ਹੈ। ਮੁੱਢਲੇ ਤੌਰ ਤੇ ਭਾਰਤੀ ਫੌਜ ਦੇ ਜਵਾਨਾਂ ਵੱਲੋਂ ਪਹਿਲਾਂ ਆਵਾਜਾਈ ਦਾ ਰਸਤਾ ਤਿਆਰ ਕੀਤਾ ਜਾ ਰਿਹਾ ਹੈ।

# ਟਰੂਡੋ ਨੇ ਸਿੱਖਾਂ ਦੀ ਆਜ਼ਾਦੀ ਤੇ ਰਾਖੀ ਲਈ ਕੀਤਾ ਵੱਡਾ ਐਲਾਨ

# ਪ੍ਰਧਾਨ ਮੰਤਰੀ ਦੀ ਹਾਜ਼ਰੀ 'ਚ ਲੱਗੇ ਖਾਲਿਸਤਾਨ ਦੇ ਨਾਅਰੇ

**ਟੋਰਾਂਟੋ, 29 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਹੈ ਕਿ ਕੈਨੇਡਾ ਸਰਕਾਰ ਸਿੱਖਾਂ ਦੇ ਅਧਿਕਾਰਾਂ ਤੇ ਆਜ਼ਾਦੀ ਦੀ ਰਾਖੀ ਲਈ ਹਮੇਸ਼ਾ ਤਿਆਰ ਹੈ। ਉਨ੍ਹਾਂ ਦੇ ਐਲਾਨ ਦੌਰਾਨ ਭੀੜ ਵੱਲੋਂ



ਜ਼ੋਰਦਾਰ ਖਾਲਿਸਤਾਨ ਪੱਖੀ ਨਾਅਰੇ ਲਾਏ ਗਏ। ਟਰੂਡੋ ਨੇ ਦੇਸ਼ ਦੇ ਸਿੱਖਾਂ ਨੂੰ ਭਰੋਸਾ ਦਿੱਤਾ ਕਿ ਸਰਕਾਰ ਹਰ ਕੀਮਤ 'ਤੇ ਉਨ੍ਹਾਂ ਦੇ ਅਧਿਕਾਰਾਂ ਤੇ ਆਜ਼ਾਦੀ ਦੀ ਰਾਖੀ ਲਈ ਹਮੇਸ਼ਾ ਮੌਜੂਦ ਹੈ। ਇਸ ਦੌਰਾਨ ਉਨ੍ਹਾਂ ਕਿਹਾ ਕਿ ਵਿਭਿੰਨਤਾ ਕੈਨੇਡਾ ਦੀ ਸਭ ਤੋਂ ਵੱਡੀ ਤਾਕਤ ਹੈ। ਪ੍ਰਧਾਨ ਮੰਤਰੀ ਨੇ ਟੋਰਾਂਟੋ ਵਿੱਚ ਖਾਲਸਾ ਦਿਵਸ ਸਮਾਰੋਹ ਦੌਰਾਨ ਕਿਹਾ, 'ਇਸ ਦੇਸ਼ ਵਿੱਚ ਸਿੱਖ ਵਿਰਾਸਤ ਦੇ ਲਗਪਗ 800000 ਕੈਨੇਡੀਅਨਾਂ ਦੇ ਅਧਿਕਾਰਾਂ ਤੇ ਆਜ਼ਾਦੀ ਦੀ ਰਾਖੀ ਲਈ ਹਮੇਸ਼ਾ ਮੌਜੂਦ ਰਹਾਂਗੇ ਤੇ ਅਸੀਂ ਹਮੇਸ਼ਾ ਨਫ਼ਰਤ ਤੇ ਵਿਤਕਰੇ ਦੇ ਵਿਰੁੱਧ ਤੁਹਾਡੇ ਭਾਈਚਾਰੇ ਦੀ ਰੱਖਿਆ ਕਰਾਂਗੇ।' ਦਰਅਸਲ ਟੋਰਾਂਟੋ ਵਿੱਚ ਸਭ ਤੋਂ ਵੱਡੇ ਸਾਲਾਨਾ ਸਮਾਗਮਾਂ ਵਿੱਚੋਂ ਇੱਕ ਖਾਲਸਾ ਡੇਅ ਲਈ ਐਤਵਾਰ ਨੂੰ ਹਜ਼ਾਰਾਂ ਲੋਕ ਇਕੱਠੇ ਹੋਏ। ਓਂਟਾਰੀਓ ਸਿੱਖ ਤੇ ਗੁਰਦੁਆਰਾ ਕੌਂਸਲ ਅਨੁਸਾਰ ਇਹ ਖਾਲਸਾ ਡੇਅ ਤੇ ਸਿੱਖ ਨਵੇਂ ਸਾਲ ਮੌਕੇ ਇਹ ਸਮਾਗਮ ਕਰਵਾਇਆ ਜਾਂਦਾ ਹੈ। ਇਸ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਸ਼ਿਰਕਤ ਕੀਤੀ। ਇਸ ਦੌਰਾਨ ਖਾਲਿਸਤਾਨ ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ ਗਈ। ਜਸਟਿਨ ਟਰੂਡੋ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਨਾਲ ਕੀਤੀ। ਇਸ ਦੌਰਾਨ ਉਨ੍ਹਾਂ ਸਿੱਖਾਂ ਦੇ ਹੱਕਾਂ ਦੀ ਰਾਖੀ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਦੇ ਭਾਸ਼ਣ ਦੌਰਾਨ ਕੈਨੇਡਾ ਵਿੱਚ ਖਾਲਿਸਤਾਨ ਸਮਰਥਕਾਂ ਦਾ ਪ੍ਰਭਾਵ ਦੇਖਣ ਨੂੰ ਮਿਲਿਆ। ਦੱਸ ਦਈਏ ਕਿ ਪਿਛਲੇ ਸਾਲ ਕੈਨੇਡਾ ਤੇ ਭਾਰਤ ਦੇ ਸਬੰਧਾਂ ਵਿੱਚ ਤਣਾਅ ਰਿਹਾ ਹੈ। ਜਸਟਿਨ ਟਰੂਡੋ ਨੇ ਭਾਰਤ 'ਤੇ ਕੈਨੇਡਾ 'ਚ ਖਾਲਿਸਤਾਨੀ ਲੀਡਰ ਹਰਦੀਪ ਸਿੰਘ ਨਿੱਝਰ ਨੂੰ ਮਾਰਨ ਦਾ ਦੋਸ਼ ਲਗਾਇਆ ਸੀ। ਭਾਰਤ ਲਗਾਤਾਰ ਜਸਟਿਨ ਟਰੂਡੋ ਤੋਂ ਇਨ੍ਹਾਂ ਦਾਅਵਿਆਂ ਸਬੰਧੀ ਸਬੂਤ ਮੰਗਦਾ ਆ ਰਿਹਾ ਹੈ। ਟਰੂਡੋ ਨੇ ਕਿਹਾ, "ਅਸੀਂ ਅੱਜ ਇੱਥੇ ਇਹ ਯਾਦ ਰੱਖਣ ਲਈ ਇਕੱਠੇ ਹੋਏ ਹਾਂ ਕਿ ਕੈਨੇਡਾ ਦੀ ਸਭ ਤੋਂ ਵੱਡੀ ਤਾਕਤ ਇਸ ਦੀ ਵਿਭਿੰਨਤਾ ਹੈ।" ਅਸੀਂ ਆਪਣੇ ਮਤਭੇਦਾਂ ਦੇ ਬਾਵਜੂਦ ਨਹੀਂ, ਸਗੋਂ ਆਪਣੇ ਮਤਭੇਦਾਂ ਕਾਰਨ ਮਜ਼ਬੂਤ ਹਾਂ। ਜਸਟਿਨ ਟਰੂਡੋ ਨੇ ਆਪਣੇ ਭਾਸ਼ਣ ਵਿੱਚ ਕਿਹਾ, 'ਜਦੋਂ ਅਸੀਂ ਮਤਭੇਦ ਨੂੰ ਦੇਖਦੇ ਹਾਂ, ਤਾਂ ਸਾਨੂੰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਸਿੱਖ ਕਦਰਾਂ-ਕੀਮਤਾਂ ਕੈਨੇਡੀਅਨ ਕਦਰਾਂ-ਕੀਮਤਾਂ ਹਨ। ਸੱਚ, ਨਿਆਂ, ਖੁੱਲ੍ਹਾਪਣ, ਦਇਆ, ਸੇਵਾ, ਮਨੁੱਖੀ ਅਧਿਕਾਰ। ਇਹ ਸਿੱਖੀ ਦੀਆਂ ਕਦਰਾਂ-ਕੀਮਤਾਂ ਹਨ। ਇਹ ਸਿੱਖ ਕੈਨੇਡੀਅਨ ਭਾਈਚਾਰਿਆਂ ਦੇ ਦਿਲ ਦੀਆਂ ਕਦਰਾਂ ਕੀਮਤਾਂ ਹਨ।

## 2024 ਦੀ ਸਭ ਤੋਂ ਵੱਡੀ ਹੈਰੋਇਨ ਖੇਪ ਜ਼ਬਤ : 48 ਕਿੱਲੋ ਹੈਰੋਇਨ ਤੇ ਲੱਖਾਂ ਦੀ ਡਰੱਗ ਮਨੀ ਸਮੇਤ ਤਿੰਨ ਗ੍ਰਿਫ਼ਤਾਰ

**ਚੰਡੀਗੜ੍ਹ, 29 ਮਈ (ਆਵਾਜ਼ਿ ਕੌਮ ਬਿਊਰੋ)**-ਸਾਲ 2024 ਦੀ ਸਭ ਤੋਂ ਵੱਡੀ ਹੈਰੋਇਨ ਖੇਪ ਜ਼ਬਤ ਕਰਦਿਆਂ ਕਮਿਸ਼ਨਰੇਟ ਪੁਲਿਸ ਜਲੰਧਰ ਨੇ ਅੰਤਰਰਾਸ਼ਟਰੀ ਡਰੱਗ ਸਿੰਡੀਕੇਟ ਦੇ ਤਿੰਨ ਮੈਂਬਰਾਂ ਨੂੰ 48 ਕਿਲੋ ਹੈਰੋਇਨ ਅਤੇ 21 ਲੱਖ ਰੁਪਏ ਦੀ ਡਰੱਗ ਮਨੀ ਸਮੇਤ




ਗ੍ਰਿਫ਼ਤਾਰ ਕਰਕੇ ਇਸ ਡਰੱਗ ਸਿੰਡੀਕੇਟ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸਤਨਾਮ ਸਿੰਘ ਉਰਫ਼ ਬੱਬੀ ਵਾਸੀ ਪਿੰਡ ਢੰਡੀਆਂ, ਨਵਾਂਸ਼ਹਿਰ ਜੋ ਮੌਜੂਦਾ ਸਮੇਂ ਹੁਸ਼ਿਆਰਪੁਰ ਦੇ ਸੁਭਾਸ਼ ਨਗਰ ਵਿਖੇ ਰਹਿ ਰਿਹਾ ਹੈ; ਉਸ ਦੀ ਧੀ ਅਮਨ ਰੋਜ਼ੀ ਅਤੇ ਉਸ ਦੇ ਜਵਾਈ ਹਰਦੀਪ ਸਿੰਘ ਵਜੋਂ ਹੋਈ ਹੈ। ਹੈਰੋਇਨ ਅਤੇ ਡਰੱਗ ਮਨੀ ਜ਼ਬਤ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਕੋਲੋਂ ਤਿੰਨ ਲਗਜ਼ਰੀ ਕਾਰਾਂ, ਜਿਨ੍ਹਾਂ ਵਿਚ ਟੋਇਟਾ ਇਨੋਵਾ, ਮਹਿੰਦਰਾ ਐਕਸਯੂਵੀ ਅਤੇ ਹੁੰਡਈ ਵਰਨਾ ਸ਼ਾਮਲ ਹਨ, ਜ਼ਬਤ ਕਰਨ ਦੇ ਨਾਲ ਨਾਲ ਉਨ੍ਹਾਂ ਦੇ ਕਬਜ਼ੇ ਵਿਚੋਂ ਕੈਸ਼ ਕਾਉਂਟਿੰਗ ਮਸ਼ੀਨ ਵੀ ਬਰਾਮਦ ਕੀਤੀ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਸ ਡਰੱਗ ਸਿੰਡੀਕੇਟ ਦਾ ਨੈਟਵਰਕ 5 ਦੇਸ਼ਾਂ - ਈਰਾਨ, ਅਫਗਾਨਿਸਤਾਨ, ਤੁਰਕੀ, ਪਾਕਿਸਤਾਨ ਅਤੇ ਕੈਨੇਡਾ ਅਤੇ ਸਥਾਨਕ ਨੈਟਵਰਕ ਦੋ ਸੂਬਿਆਂ - ਜੰਮੂ-ਕਸ਼ਮੀਰ ਅਤੇ ਗੁਜਰਾਤ ਵਿੱਚ ਫੈਲਿਆ ਹੋਇਆ ਹੈ ਅਤੇ ਇਹ ਸਿੰਡੀਕੇਟ ਸਰਹੱਦ ਪਾਰ ਅਤੇ ਅੰਤਰ-ਰਾਜੀ ਨਸ਼ਾ ਤਸਕਰੀ ਵਿੱਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਹੈਰੋਇਨ ਦੀ ਇਸ ਖੇਪ ਨੂੰ ਭਾਰਤ ਵਿੱਚ ਭੇਜਣ ਲਈ ਗੁਜਰਾਤ ਦੇ ਸਮੁੰਦਰੀ ਮਾਰਗ ਅਤੇ ਜੰਮੂ-ਕਸ਼ਮੀਰ ਦੇ ਮੈਦਾਨੀ ਰਸਤੇ ਦੀ ਵਰਤੋਂ ਕੀਤੀ ਗਈ ਸੀ।

## ਕਾਂਗਰਸ ਨੇ ਐਲਾਨੇ ਉਮੀਦਵਾਰ, ਲੁਧਿਆਣਾ ਤੋਂ ਰਾਜਾ ਵੜਿੰਗ ਲੜਨਗੇ ਚੋਣ







**ਚੰਡੀਗੜ੍ਹ, 29 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਕਾਂਗਰਸ ਨੇ ਪੰਜਾਬ ਦੇ ਉਮੀਦਵਾਰਾਂ ਦੀ ਅਗਲੀ ਸੂਚੀ ਜਾਰੀ ਕਰ ਦਿੱਤੀ ਹੈ। ਖਡੂਰ ਸਾਹਿਬ ਤੋਂ ਕੁਲਬੀਰ ਜ਼ੀਰਾ ਨੂੰ ਉਮੀਦਵਾਰ



ਬਣਾਇਆ ਗਿਆ ਹੈ। ਲੁਧਿਆਣਾ ਤੋਂ ਰਾਜਾ ਵੜਿੰਗ ਨੂੰ ਟਿਕਟ ਦਿੱਤੀ ਗਈ ਹੈ। ਗੁਰਦਾਸਪੁਰ ਤੋਂ ਸੁਖਜਿੰਦਰ ਸਿੰਘ ਰੰਧਾਵਾ ਨੂੰ ਟਿਕਟ ਦਿੱਤੀ ਹੈ। ਸ੍ਰੀ ਅਨੰਦਪੁਰ ਸਾਹਿਬ ਤੋਂ ਵਿਜੇ ਇੰਦਰ ਸਿੰਗਲਾ ਨੂੰ ਉਮੀਦਵਾਰ ਬਣਾਇਆ ਹੈ। ਇਸ ਤੋਂ ਪਹਿਲਾਂ ਕਾਂਗਰਸ ਨੇ ਹਲਕਾ ਫ਼ਰੀਦਕੋਟ (ਰਾਖਵਾਂ) ਤੋਂ ਅਮਰਜੀਤ ਕੌਰ ਸਾਹੋਕੇ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ ਜਦੋਂ ਕਿ ਹਲਕਾ ਹੁਸ਼ਿਆਰਪੁਰ (ਰਾਖਵਾਂ) ਤੋਂ ਯਾਮਿਨੀ ਗੋਮਰ ਨੂੰ ਉਮੀਦਵਾਰ ਬਣਾਇਆ ਹੈ। ਜ਼ਿਕਰ ਕਰ ਦਈਏ ਕਿ ਇਸ ਤੋਂ ਪਹਿਲਾਂ ਵਾਲੀ ਸੂਚੀ ਵਿੱਚ ਅੰਮ੍ਰਿਤਸਰ ਤੋਂ ਮੌਜੂਦਾ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ, ਜਲੰਧਰ ਤੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਫਤਿਹਗੜ੍ਹ ਸਾਹਿਬ ਤੋਂ ਮੌਜੂਦਾ ਮੈਂਬਰ ਪਾਰਲੀਮੈਂਟ ਅਮਰ ਸਿੰਘ, ਬਠਿੰਡਾ ਤੋਂ ਜੀਤ ਮਹਿੰਦਰ ਸਿੰਘ ਸਿੱਧੂ, ਸੰਗਰੂਰ ਤੋਂ ਸੁਖਪਾਲ ਸਿੰਘ ਖਹਿਰਾ ਅਤੇ ਪਟਿਆਲਾ ਤੋਂ ਡਾਕਟਰ ਧਰਮਵੀਰ ਗਾਂਧੀ ਪਾਰਟੀ ਉਮੀਦਵਾਰ ਐਲਾਨੇ ਗਏ ਹਨ9 ਚੰਡੀਗੜ੍ਹ ਦੀ ਲੋਕ ਸਭਾ ਸੀਟ ਤੋਂ ਮਨੀਸ਼ ਤਿਵਾੜੀ ਨੂੰ ਉਮੀਦਵਾਰ ਬਣਾਇਆ ਗਿਆ ਹੈ। ਜੇ ਲੁਧਿਆਣਾ ਸੀਟ ਦੀ ਗੱਲ ਕੀਤੀ ਜਾਵੇ ਤਾਂ ਰਵਨੀਤ ਬਿੱਟੂ ਦੇ ਭਾਰਤੀ ਜਨਤਾ ਪਾਰਟੀ ਵਿੱਚ ਜਾਣ ਕਾਰਨ ਲੁਧਿਆਣਾ ਸੀਟ 'ਤੇ ਕਾਂਗਰਸ ਕਾਫੀ ਜ਼ੋਰ ਲਗਾ ਰਹੀ ਹੈ ਜਿਸ ਕਾਰਨ ਉਹ ਕਿਸੇ ਵੀ ਕੀਮਤ 'ਤੇ ਲੁਧਿਆਣਾ ਸੀਟ ਨਹੀਂ ਗੁਆਉਣਾ ਚਾਹੁੰਦੇ। ਇਸ ਦੇ ਨਾਲ ਹੀ ਕਾਂਗਰਸ ਦੇ ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕੱਲ੍ਹ ਕਿਹਾ ਸੀ ਕਿ ਜੇਕਰ ਬਿੱਟੂ ਲੁਧਿਆਣਾ ਸੀਟ ਤੋਂ ਜਿੱਤਦੇ ਹਨ ਤਾਂ ਉਹ ਸਿਆਸਤ ਛੱਡ ਦੇਣਗੇ।

## ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਦੀ ਪੰਜਾਬੀਆਂ ਨੂੰ ਅਪੀਲ




**ਚੰਡੀਗੜ੍ਹ, 29 ਮਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਲਕਾ ਖਡੂਰ ਸਾਹਿਬ ਤੋਂ ਆਪਣਾ ਉਮੀਦਵਾਰ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਵਾਪਸ ਲੈ ਲਿਆ ਹੈ ਜਿਸ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਵੱਲੋਂ ਅਕਾਲੀ ਦਲ ਅੰਮ੍ਰਿਤਸਰ ਦਾ ਧੰਨਵਾਦ ਕੀਤਾ ਗਿਆ ਹੈ। ਇਸ ਮੌਕੇ ਪਰਿਵਾਰ ਵਾਲਿਆਂ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਦੇ ਨਾਲ ਨਾਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ। ਜ਼ਿਕਰ ਕਰ ਦਈਏ ਕਿ ਬੀਤੇ ਦਿਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਭਾਈ ਅੰਮ੍ਰਿਤਪਾਲ ਦੇ ਚੋਣ ਲੜਨ ਕਰਕੇ ਆਪਣਾ ਉਮੀਦਵਾਰ ਨਾ ਖੜ੍ਹਾਉਣ ਦਾ ਐਲਾਨ ਕੀਤਾ ਹੈ। ਮਾਨ ਨੇ ਅੱਜ ਖਡੂਰ ਸਾਹਿਬ ਤੋਂ ਆਪਣੇ ਉਮੀਦਵਾਰ ਹਰਪਾਲ ਸਿੰਘ ਬਲੇਰ ਦਾ ਨਾਮ ਵਾਪਸ ਲੈ ਲਿਆ ਹੈ। ਸਭ ਜਾਣਦੇ ਹੀ ਹਨ ਕਿ ਖਡੂਰ ਸਾਹਿਬ ਪੰਜਾਬ ਦੀ ਪੰਥਕ ਸੀਟ ਹੈ ਤੇ ਇੱਥੋਂ ਅਸਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਐਨ. ਐਸ. ਏ. ਤਹਿਤ ਬੰਦ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੇ ਚੋਣ ਲੜਣ ਦਾ ਫ਼ੈਸਲਾ ਕੀਤਾ ਹੈ। ਇਹ ਐਲਾਨ ਅਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਵੱਲੋਂ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਨੂੰ ਪਿਛਲੇ ਸਾਲ ਅਪ੍ਰੈਲ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਖ਼ਿਲਾਫ਼ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਲਗਾਇਆ ਗਿਆ ਸੀ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਰਸਾ ਸਿੰਘ ਵਲਟੋਹਾ ਨੂੰ ਆਪਣਾ ਉਮੀਦਵਾਰ ਬਣਾਇਆ ਗਿਆ ਹੈ ਜਿਸ ਕਰਕੇ ਹੁਣ ਪਰਿਵਾਰ ਦੀ ਹਿਮਾਇਤ ਲੈਣ ਲਈ ਵਲਟੋਹਾ ਨੇ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਹੈ। ਵਲਟੋਹਾ ਨੇ ਫੇਸਬੁੱਕ ਪੋਸਟ ਸ਼ੇਅਰ ਕਰਦਿਆਂ ਲਿਖਿਆ...ਅੱਜ ਤੜਕੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਰਿਵਾਰ ਉਨ੍ਹਾਂ ਦੇ ਮਾਤਾ ਜੀ ਬੀਬੀ ਬਲਵਿੰਦਰ ਕੌਰ, ਪਿਤਾ ਜੀ ਸ. ਤਰਸੇਮ ਸਿੰਘ ਤੇ ਉਨ੍ਹਾਂ ਦੇ ਚਾਚਾ ਜੀ ਨਾਲ ਵਿਰਾਸਤੀ ਮਾਰਗ ਸ਼੍ਰੀ ਅੰਮ੍ਰਿਤਸਰ ਵਿਖੇ ਚੱਲ ਰਹੇ ਧਰਨੇ ਵਾਲੇ ਸਥਾਨ 'ਤੇ ਮੁਲਾਕਾਤ ਕੀਤੀ। ਸ. ਵਲਟੋਹਾ ਨੇ ਪਰਿਵਾਰ ਨਾਲ ਮੌਜੂਦਾ ਲੋਕ ਸਭਾ ਚੋਣਾਂ ਸਬੰਧੀ ਵਿਚਾਰਾਂ ਕੀਤੀਆਂ। ਮੁਲਾਕਾਤ ਬੜੇ ਹੀ ਵਧੀਆ ਮਾਹੌਲ ਵਿੱਚ ਹੋਈ। ਸ. ਵਲਟੋਹਾ ਨੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨੂੰ ਮੌਜੂਦਾ ਚੋਣਾਂ ਵਿੱਚ ਸਹਿਯੋਗ ਦੇਣ ਸਬੰਧੀ ਵੀ ਬੇਨਤੀ ਕੀਤੀ।

## ਵਲਟੋਹਾ ਨੇ ਚੋਣਾਂ 'ਚ ਅੰਮ੍ਰਿਤਪਾਲ ਸਿੰਘ ਤੋਂ ਮੰਗੀ ਹਮਾਇਤ, ਪਰਿਵਾਰ ਨਾਲ ਕੀਤੀ ਮੁਲਾਕਾਤ

**ਅੰਮ੍ਰਿਤਸਰ, 29 ਮਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਨੇ ਡਿਬਰੂਗੜ੍ਹ ਜੇਲ੍ਹ ਵਿੱਚ ਐਨਐਸਏ ਤਹਿਤ ਬੰਦ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਰਿਵਾਰ ਤੋਂ ਹਮਾਇਤ ਮੰਗੀ ਹੈ। ਉਨ੍ਹਾਂ ਨੇ ਅੱਜ ਅੰਮ੍ਰਿਤਸਰ ਦੇ ਵਿਰਾਸਤੀ ਮਾਰਗ ਪਹੁੰਚ ਕੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ। ਉਧਰ, ਅੰਮ੍ਰਿਤਪਾਲ ਸਿੰਘ ਵੱਲੋਂ ਵੀ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੇ ਜਾਣ ਦੀ ਚਰਚਾ ਹੈ। ਵਲਟੋਹਾ




ਨੇ ਫੇਸਬੁੱਕ ਪੋਸਟ ਸ਼ੇਅਰ ਕਰਦਿਆਂ ਲਿਖਿਆ...ਅੱਜ ਤੜਕੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਪਰਿਵਾਰ ਉਨ੍ਹਾਂ ਦੇ ਮਾਤਾ ਜੀ ਬੀਬੀ ਬਲਵਿੰਦਰ ਕੌਰ, ਪਿਤਾ ਜੀ ਸ. ਤਰਸੇਮ ਸਿੰਘ ਤੇ ਉਨ੍ਹਾਂ ਦੇ ਚਾਚਾ ਜੀ ਨਾਲ ਵਿਰਾਸਤੀ ਮਾਰਗ ਸ਼੍ਰੀ ਅੰਮ੍ਰਿਤਸਰ ਵਿਖੇ ਚੱਲ ਰਹੇ ਧਰਨੇ ਵਾਲੇ ਸਥਾਨ 'ਤੇ ਮੁਲਾਕਾਤ ਕੀਤੀ। ਸ. ਵਲਟੋਹਾ ਨੇ ਪਰਿਵਾਰ ਨਾਲ ਮੌਜੂਦਾ ਲੋਕ ਸਭਾ ਚੋਣਾਂ ਸਬੰਧੀ ਵਿਚਾਰਾਂ ਕੀਤੀਆਂ। ਮੁਲਾਕਾਤ ਬੜੇ ਹੀ ਵਧੀਆ ਮਾਹੌਲ ਵਿੱਚ ਹੋਈ। ਸ. ਵਲਟੋਹਾ ਨੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨੂੰ ਮੌਜੂਦਾ ਚੋਣਾਂ ਵਿੱਚ ਸਹਿਯੋਗ ਦੇਣ ਸਬੰਧੀ ਵੀ ਬੇਨਤੀ ਕੀਤੀ। ਜ਼ਿਕਰ ਕਰ ਦਈਏ ਕਿ ਖਡੂਰ ਸਾਹਿਬ ਪੰਜਾਬ ਦੀ ਪੰਥਕ ਸੀਟ ਹੈ ਤੇ ਇਸ ਵਜ੍ਹਾ ਕਰਕੇ ਅਸਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਐਨ. ਐਸ. ਏ. ਤਹਿਤ ਬੰਦ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੇ ਚੋਣ ਲੜਣ ਦਾ ਫ਼ੈਸਲਾ ਕੀਤਾ ਹੈ। ਇਹ ਐਲਾਨ ਅਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਵੱਲੋਂ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਨੂੰ ਪਿਛਲੇ ਸਾਲ ਅਪ੍ਰੈਲ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਖ਼ਿਲਾਫ਼ ਕੌਮੀ ਸੁਰੱਖਿਆ ਐਕਟ (ਐੱਨਐੱਸਏ) ਲਗਾਇਆ ਗਿਆ ਸੀ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਰਸਾ ਸਿੰਘ ਵਲਟੋਹਾ ਨੂੰ ਆਪਣਾ ਉਮੀਦਵਾਰ ਬਣਾਇਆ ਗਿਆ ਹੈ ਜਿਸ ਕਰਕੇ ਹੁਣ ਪਰਿਵਾਰ ਦੀ ਹਿਮਾਇਤ ਲੈਣ ਲਈ ਵਲਟੋਹਾ ਨੇ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਹੈ।


ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ
ਦੇ ਜਨਮ ਦਿਨ ਤੇ
ਆਵਾਜ਼ਿ ਕੌਮ
AWAZE QAUM
International Newspaper & WEB TV
2 ਜੂਨ ਨੂੰ ਰੋਡੇ ਪੁੱਜੋ
ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ
ਮੈਂਬਰ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ
ਮੁੱਖ ਬੁਲਾਰੇ ਇੰਟਰਨੈਸ਼ਨਲ ਪੰਥਕ ਦਲ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ



ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar

www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net


ਦਮਦਮੀ ਟਕਸਾਲ
ਨਾਮ ਜਪੋ
ਕਿਰਤ ਕਰੋ
ਵੰਡ ਛੱਕੋ
Naam Japo
Kirat Karo
Vand Shako
ਜਥਾ ਭਿੰਡਰਾਂ (ਮਹਿਤਾ)
www.damdamitaksal.net
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH
ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243



ਆਵਾਜ਼ਿ ਕੌਮ TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS
PURE AND NATURAL 100% VEGETARIAN
Enjoy Real Taste of PUNJAB
KD
FULLY A.C. HALL
Khehra VAISHNO DHABA
BREAKFAST
LUNCH
DINNER
OUR SPECIALIZATION : Au Important Ingredients used to Prepare Dishes are Grown in our own farmes.
Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad
V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757



We Accept Online & Card Payment


## ਪੰਜਾਬੀ

### ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

Love Maa Boli Punjabi

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ
ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ
ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

**Learn Speak Read Write PUNJABI**





ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਆਗੂ ਹੰਸ ਰਾਜ ਹੰਸ ਦਾ ਪਿੰਡ ਧੂੜਕੋਟ ਵਿਖੇ

# ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਆਗੂਆਂ ਨੇ ਕੀਤਾ ਸਖ਼ਤ ਵਿਰੋਧ ਅਤੇ ਕੀਤਾ ਰੋਡ ਜਾਮ



**ਮੋਗਾ, 28 ਅਪ੍ਰੈਲ (ਆਵਾਜਿ ਕੌਮ ਬਿਉਰੋ ਰਿਪੋਰਟ)** - ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਆਗੂ ਗੁਰਦੀਪ ਸਿੰਘ ਨੇ ਜਾਣਕਾਰੀ ਦਿੱਤੀ ਕਿ ਭਾਰਤੀ ਜਨਤਾ ਪਾਰਟੀ ਦਾ ਲੋਕ ਸਭਾ ਹਲਕਾ ਫਰੀਦਕੋਟ ਤੋਂ ਕੈਂਡੀਡੇਟ ਹੈ ਅੱਜ ਉਹ ਧੂੜਕੋਟ ਕਲਾਂ ਵਿਖੇ ਆਇਆ ।ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੀ ਪਿੰਡ ਕਮੇਟੀ ਨੇ ਕਾਮਰੇਡ ਚਰਨ ਸਿੰਘ ਦੀ ਅਗਵਾਈ ਵਿੱਚ ਇਕੱਠੇ ਹੋ ਕੇ ਹੰਸਰਾਜ ਹੰਸ ਦੇ ਵਿਰੁੱਧ ਨਾਰੇਬਾਜੀ ਕਰਕੇ ਤਿੱਖਾ ਵਿਰੋਧ ਕੀਤਾ ਗਿਆ ।ਇਸ ਮੌਕੇ ਲੋਕ ਨਾਹਰਾ ਲਗਾ ਰਹੇ ਸਨ, " ਜਾਣ ਨੀ ਦਿੰਦੇ ਦਿੱਲੀ ਜੋ, ਵੜਨ ਨੀ ਦੇਣੇ ਪਿੰਡੀ ਓਹ÷। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਔਰਤ ਵਿੰਗ ਦੀ ਜ਼ਿਲਾ ਪ੍ਰਧਾਨ ਜਸਵਿੰਦਰ ਕੌਰ ਨੇ ਦੱਸਿਆ ਕਿ ਸ਼ੰਭੂ ਤੇ ਖਨੌਰੀ ਬਾਰਡਰਾਂ ਤੋਂ ਜਥੇਬੰਦੀਆਂ ਨੇ ਸੱਦਾ ਦਿੱਤਾ ਹੈ ਅਤੇ ਪਿੰਡਾਂ ਵਿੱਚ ਇਸ਼ਿਤਹਾਰ ਲਾ ਕੇ ਅਤੇ ਆਮਦ ਤੇ ਸਾਰੇ ਕੈਂਡੀਡੇਟਾ ਨੂੰ ਸਵਾਲ ਜਵਾਬ ਕਰਕੇ ਨਾਰੇਬਾਜੀ ਕਰਨੀ ਹੈ। ਭਾਰਤੀ ਜਨਤਾ ਪਾਰਟੀ ਦੇ ਨੁਮਾਇੰਦਿਆਂ ਦਾ ਬਾਈਕਾਟ ਕਰਨਾ ਹੈ ।ਕਾਰਨ ਇਹੀ ਹੈ ਕਿ ਸਰਕਾਰ ਨੇ 13 ਫਰਵਰੀ ਨੂੰ ਸਾਡੀਆਂ ਜਥੇਬੰਦੀਆਂ ਦਿੱਲੀ ਵੱਲ ਕੂਚ ਕਰ ਰਹੀਆਂ ਸਨ, ਪਰ ਹਰਿਆਣੇ ਦੀ ਬੀਜੇਪੀ ਸਰਕਾਰ ਨੇ ਸੜਕਾਂ ਤੇ ਡੂੰਘੇ ਕਿੱਲ ਲਾ ਕੇ, ਕੰਕਰੀਟ ਦੀਆਂ ਮਜਬੂਤ ਕੰਧਾਂ ਉਸਾਰ ਕੇ ,ਸਾਡੇ ਤੇ ਰਬੜ ਦੀਆਂ ਗੋਲੀਆਂ ਅਤੇ ਅਸਲੀ ਗੋਲੀਆਂ ਚਲਾ ਕੇ ਸਾਡੇ ਹਰਮਨ ਪਿਆਰੇ ਸ਼ੁਭਕਰਨ ਨੂੰ ਸ਼ਹੀਦ ਕੀਤਾ ਅਤੇ ਸੈਂਕੜੇ ਕਿਸਾਨਾਂ ਨੂੰ ਖੱਟੜ ਕੀਤਾ। ਬਹੁਤ ਸਾਰਿਆਂ ਦੀਆਂ ਅੱਖਾਂ ਸ਼ਰੇ ਵੱਜਣ ਕਰਕੇ ਅੰਨੀਆ ਕੀਤੀਆਂ। ਇਸ ਗੁੱਸੇ ਵਜੋਂ ਜਥੇਬੰਦੀਆਂ ਨੇ ਬੀਜੇਪੀ ਦੇ ਵਿਰੋਧ ਚ ਪੋਸਟਰ ਵੀ ਕੱਢੇ ਅਤੇ ਪਿੰਡਾਂ ਚ ਉਹਨਾਂ ਦੀ ਆਮਦ ਤੇ ਸਵਾਲ ਕਰਨ ਅਤੇ ਨਾਅਰੇਬਾਜ਼ੀ ਕਰਨ ਦਾ ਫੈਸਲਾ ਲਿਆ ਸੀ। ਜਦੋਂ ਪਿੰਡ ਦੇ ਵਿੱਚ ਪਤਾ ਲੱਗਾ ਕਿ ਧੂੜਕੋਟ ਕਲਾ ਵਿੱਚ ਹੰਸਰਾਜ ਵੋਟਾਂ ਮੰਗਣ ਨਹੀਂ ਆ ਰਿਹਾ ਹੈ ਤਾਂ ਝੱਟ ਇਕੱਠੇ ਹੋ ਕੇ ਉਸ ਦਾ ਭਾਰੀ ਪੁਲਿਸ ਦੀ ਹਾਜ਼ਰੀ ਦੇ ਵਿੱਚ ,ਜਬਰਦਸਤ ਵਿਰੋਧ ਕੀਤਾ ਇਸ ਤੋਂ ਪਿੱਛੋਂ ਉਹ ਧੂੜਕੋਟ ਟਾਹਲੀ ਵਾਲਾ ਵੀ ਗਏ। ਉੱਥੇ ਜਾ ਕੇ ਵੀ ਹੰਸ ਰਾਜ ਹੰਸ ਦਾ ਜਬਰਦਸਤ ਵਿਰੋਧ ਕੀਤਾ ਅਤੇ ਲੋਕਾਂ ਨੂੰ ਸੱਦਾ ਦਿੱਤਾ ਕਿ ਬੀਜੇਪੀ ਦਾ ਡੱਟ ਕੇ ਵਿਰੋਧ ਕਰਨ ।ਬੀਜੇਪੀ ਦੀਆਂ ਨੀਤੀਆਂ ਕਿਸਾਨ ਵਿਰੋਧੀ ਮਜ਼ਦੂਰ ਵਿਰੋਧੀ ਕਾਰਪੋਰੇਟ ਕੰਪਨੀਆਂ ਦੇ ਪੱਖੀ ਹਨ ,ਇਹ ਫਾਸੀਵਾਦੀ ਹੱਲੇ ਨਾਲ ਭਾਰਤ ਵਿੱਚ ਹਿੰਦੂ ਰਾਜ ਸਿਰਜਣਾ ਚਾਹੁੰਦੇ ਹਨ । ਸਾਡੀਆਂ ਕਿਸਾਨ ਜਥੇਬੰਦੀਆਂ ਫਾਸ਼ੀਵਾਦ ਦਾ ਡਟਵਾਂ ਵਿਰੋਧ ਕਰਦੀ ਹੈ ਅਤੇ ਵੋਟਾਂ ਵਿੱਚ ਬੀਜੇਪੀ ਦਾ ਵਿਰੋਧ ਕਰਦੀ ਹੈ ।ਪਿਛਲੇ ਚੋਣਾਂ ਦੇ ਲੰਮੇ ਤਜਰਬੇ ਚੋਂ ਅਸੀਂ ਇਸ ਸਿੱਟੇ ਤੋਂ ਪਹੁੰਚੇ ਹਾਂ ਤਿ ਵੋਟਾਂ ਵਿੱਚੋਂ ਮਜ਼ਦੂਰਾਂ ਕਿਸਾਨਾਂ ਦਾ ਰਾਜ ਨਹੀਂ ਨਿਕਲਦਾ। ਵੋਟਾਂ ਦੇ ਡੱਬਿਆਂ ਵਿੱਚੋਂ ਲੁਟੇਰੇ ਬਲਾਤਕਾਰੀ ਅਤੇ ਭਰਿਸ਼ਟਾਚਾਰੀ ਸਰਕਾਰਾਂ ਨਿਕਲਦੀਆਂ ਹਨ ਅਤੇ ਚੋਣਾਂ ਇੱਕ ਧੋਖਾ ਹਨ।

ਆਵਾਜ਼ਿ ਕੌਮ AWAZE QAUM International Newspaper & WEB TV







**ASA Gas Heating Solution Ltd.**

Boilers
Certificates
Gas Work
Cylinders
Maintenance Services
Gas Safety Inspections
Plumbing Work

Vaillant APPROVED INSTALLER — WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote

ਪ੍ਰਕਾਸ਼ ਗੁਰਪੁਰਬ 'ਤੇ ਵਿਸ਼ੇਸ਼

# ਜਪ੍ਹਉ ਜਿਨ੍ ਅਰਜੁਨ ਦੇਵ ਗੁਰੂ...

**ਜਪ੍ਹਉ ਜਿਨ੍ ਅਰਜੁਨ ਦੇਵ ਗੁਰੂ**
**ਫਿਰਿ ਸੰਕਟ ਜੋਨਿ ਗਰਭ ਨ ਆਯਉ ।।**

ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ 15 ਅਪ੍ਰੈਲ ਸੰਨ 1563 ਬਿਕਰਮੀ ਸੰਮਤ 1620 ਨੂੰ ਪਿਤਾ ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਗ੍ਰਿਹ ਗੋਇੰਦਵਾਲ ਸਾਹਿਬ ਵਿਖੇ ਅਵਤਾਰ ਧਾਰਿਆ। ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾਤਾ ਬਾਬਾ ਪ੍ਰਿਥੀ ਚੰਦ (1557) ਦੂਜੇ ਬਾਬਾ ਮਹਾਂਦੇਵ (1560) ਜੀ ਸਨ। ਇਸ ਸਮੇਂ ਗੁਰੂ ਅਮਰਦਾਸ ਜੀ ਗੁਰਗੱਦੀ ਤੇ ਬਿਰਾਜਮਾਨ ਸਨ ਜੋ ਰਿਸ਼ਤੇ ਵਿੱਚ ਆਪਦੇ ਨਾਨਾ ਲੱਗਦੇ ਸਨ। ਗੁਰੂ ਅਮਰਦਾਸ ਜੀ ਬਾਲਕ ਗੁਰੂ ਅਰਜਨ ਦੇਵ ਜੀ ਦੇ ਜਨਮ ਸਮੇਂ ਅਸੀਸ ਦੇਣ ਗਏ ਸਨ ਤੇ ਬਾਲਕ

ਆਵਾਜ਼ਿ ਕੌਮ
AWAZE QAUM
International Newspaper & WEB TV

ਨੂੰ ਗੋਦੀ ਉਠਾ ਕੇ ਮੁੱਖੋਂ ਫੁਰਮਾਇਆ ਸੀ ਕਿ: ' ਇਹ ਭਾਰੀ ਪੁਰਖ ਹੋਵੇਗਾ' । ਬਚਪਨ ਸਮੇਂ ਆਪ ਕੱਦ ਕਾਠ ਵਜੋਂ ਸਰੀਰ ਦੇ ਖੁੱਲੇ ਡੁੱਲੇ ਤੇ ਭਾਰੇ ਸਨ। ਇੱਕ ਵਾਰ ਸੱਚੇ ਪਾਤਸ਼ਾਹ ਜੀ ਬਾਲ ਅਵਸਥਾ ਵਿੱਚ ਹੀ ਸਨ, ਅਜੇ ਰਿੜਦੇ ਸਨ। ਗੇਂਦ ਨਾਲ ਖੇਡ ਰਹੇ ਸਨ। ਗੇਂਦ ਰਿੜ ਕੇ ਗੁਰੂ ਅਮਰਦਾਸ ਜੀ ਦੇ ਬਿਸਰਾਮ ਕਰਨ ਵਾਲੇ ਕਮਰੇ ਵਿੱਚ ਚਲੀ ਗਈ। ਗੇਂਦ ਲੈਣ ਲਈ ਰਿੜ੍ਹਦੇ-ਰਿੜ੍ਹਦੇ ਉਸ ਕਮਰੇ ਵਿੱਚ ਪਹੁੰਚ ਗਏ। ਗੇਂਦ ਨਾ ਮਿਲੀ । ਮੰਜਾ ਵੱਡਾ ਸੀ। ਮੰਜੇ ਦੇ ਪਾਵੇ ਫੜ ਕੇ ਉੱਠਣ ਲੱਗੇ ਤਾਂ ਮੰਜਾ ਹਿੱਲਿਆ ਤਾਂ ਗੁਰੂ ਅਮਰਦਾਸ ਜੀ ਨੇ ਸਹਿਜ ਸੁਭਾ ਵਾਕ ਉਚਾਰਿਆ ਕਿ:

**'ਇਹ ਕਿਹੜਾ ਵੱਡਾ ਪੁਰਖ ਹੈ ਭਾਰੀ,**
**ਜਿਸ ਮੰਜੀ ਹਿਲਾਈ ਸਾਡੀ ਸਾਰੀ'।**

ਇਹ ਬਚਨ ਸੁਣ ਕੇ ਮਾਤਾ ਭਾਨੀ ਜੀ ਕਮਰੇ ਵਿੱਚ ਪਹੁੰਚ ਗਏ ਤੇ ਕਿਹਾ ਪਿਤਾ ਜੀ 'ਤੁਹਾਡਾ ਦੋਹਿਤਾ ਜੇ' ਤਾਂ ਗੁਰੂ ਅਮਰਦਾਸ ਜੀ ਨੇ ਦੂਜਾ ਬਚਨ ਕੀਤਾ ਕਿ: 'ਦੋਹਿਤਾ ਬਾਣੀ ਕਾ ਬੋਹਿਥਾ' ਤੇ ਬਾਲਕ ਨੂੰ ਚੁੱਕ ਕੇ ਛਾਤੀ ਨਾਲ ਲਾ ਲਿਆ ਤੇ ਕਿਹਾ ਕਿ: 'ਹੋਵਹੁਗੇ ਤੁਮਹੂੰ ਗੁਰ ਭਾਰੈ'।

ਗੁਰੂ ਅਰਜਨ ਦੇਵ ਜੀ ਨੇ ਗੁਰੂ ਅਮਰਦਾਸ ਜੀ ਦੀ ਗੋਦ ਦਾ ਗਿਆਰਾਂ ਸਾਲ ਚਾਰ ਮਹੀਨੇ ਤੇ ਸਤਾਰਾਂ ਦਿਨ ਨਿੱਘ ਮਾਣਿਆ।ਫਿਰ ਗੁਰੂ ਰਾਮਦਾਸ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਗੁਰੂ ਰਾਮਦਾਸ ਜੀ ਦੀ ਛੱਤਰ ਛਾਇਆ ਹੇਠ ਸੱਤ ਸਾਲ ਰਹੇ। ਗਿਆਨੀ ਗਿਆਨ ਸਿੰਘ ਲਿੱਖਦੇ ਹਨ ਕਿ ਇੰਨ੍ਹਾਂ ਗਿਆਰਾਂ ਸਾਲਾਂ ਵਿੱਚ ਗੁਰੂ ਅਰਜਨ ਦੇਵ ਜੀ ਇਸ ਵਾਤਾਵਰਨ ਵਿੱਚ ਰਹਿ, ਗੁਰੂ ਗੋਦ ਵਿੱਚ ਪਲ, ਇੱਕ ਧੀਰਜੀ, ਦੂਰ ਅੰਦੇਸ਼ੀ, ਸਤੋਗੁਣੀ ਤੇ ਸਰਬ ਪ੍ਰਕਾਰ ਈਸ਼ਵਰੀ ਬੁੱਧ ਵਾਲੇ ਪੁਰਸ਼ ਬਣ ਗਏ ਸਨ। ਉਹ ਜਾਣ ਗਏ ਸਨ ਕਿ ਗੁਰਗੱਦੀ ਕੁੱਝ ਗ੍ਰਹਿਣ ਕਰਨਾ ਨਹੀ, ਸਗੋਂ ਕੁੱਝ ਦੇਣਾ ਹੈ। ਆਪਣੇ ਆਤਮਿਕ ਸੁੱਖਾਂ ਵਿੱਚੋਂ ਦਾਨ, ਸੰਗਤਾਂ ਨੂੰ ਪ੍ਰਭੂ ਪ੍ਰੇਮ ਵਿੱਚ ਲਗਾ ਕੇ ਪਾਪਾਂ ਤੋਂ ਦੂਰ ਕਰਨਾ ਹੈ।ਗੁਰੂ ਅਰਜਨ ਦੇਵ ਜੀ ਦੀ ਵਿੱਦਿਆ ਗੁਰੂ ਅਮਰਦਾਸ ਜੀ ਤੋਂ ਗੁਰਮੁੱਖੀ ਦੇ ਅੱਖਰ ਸਿੱਖ ਕੇ ਸ਼ੁਰੂ ਹੋਈ। ਬਾਬਾ ਬੁੱਢਾ ਜੀ ਨੇ ਵੀ



ਵਿੱਦਿਆ ਸਿਖਾਈ। ਬਾਬਾ ਮੋਹਰੀ ਜੀ ਨੇ ਗਣਿਤ ਤੇ ਹੋਰ ਵਿਦਿਆ ਸਿਖਾਈ। ਭਾਈ ਗੁਰਦਾਸ ਜੀ ਤੇ ਭਾਈ ਸਾਵਨ ਮੱਲ ਜੀ ਆਪ ਦੇ ਸਹਿਪਾਠੀ ਸਨ। ਦੇਵ ਨਾਗਰੀ ਪਿੰਡ ਦੀ ਚਾਟਸਾਲ ਪਾਂਧੇ ਕੋਲੋਂ ਸਿੱਖੀ। ਫ਼ਾਰਸੀ ਅੱਖਰ ਪਿੰਡ ਦੇ ਮਕਤਬ ਵਿੱਚੋਂ ਸਿੱਖੇ। ਸੰਸਕ੍ਰਿਤ ਪੰਡਿਤ ਬੇਣੀ ਪਾਸੋਂ ਸਿਖੀ। ਬਾਬਾ ਮੋਹਨ ਜੀ ਤੋਂ ਧਿਆਨ ਜੋੜਨ ਦੀ ਵਿਧੀ ਬਚਪਨ ਵਿੱਚ ਹੀ ਸਿੱਖ ਲਈ ਸੀ। ਕੀਰਤਨ ਗੁਰੂ ਅਰਜਨ ਦੇਵ ਜੀ ਆਪ ਹੀ ਕਰਨ ਲੱਗ ਪਏ ਸਨ।

ਸਰਮਾਇਆ-ਇ-ਇਸ਼ਰਤ ਦਾ ਲਿਖਾਰੀ ਲਿੱਖਦਾ ਹੈ ਕਿ ਗੁਰੂ ਜੀ ਸਿਰੰਦਾ ਬਹੁਤ ਅੱਛਾ ਵਜਾਂਦੇ ਸਨ। ਰਾਗਾਂ ਦੇ ਉਹ ਮਾਹਿਰ ਸਨ। ਘੋੜ ਸਵਾਰੀ ਦੇ ਉਹ ਮਾਹਿਰ ਸਨ। ਨੇਜ਼ਾਬਾਜ਼ੀ ਉਹਨਾਂ ਵਰਗੀ ਕੋਈ ਨਹੀ ਸੀ ਕਰ ਸਕਦਾ। ਇਸ ਦਾ ਪ੍ਰਮਾਣ ਉਹਨਾਂ ਦੇ ਵਿਆਹ ਸਮੇਂ ਤੋਂ ਮਿਲਦਾ ਹੈ।ਜਦੋਂ ਪਿੰਡ ਮਉ ਮਾਤਾ ਗੰਗਾ ਜੀ ਨੂੰ ਵਿਆਹੁਣ ਗਏ ਸਨ ਤਾਂ ਪਿੰਡ ਵਾਲਿਆਂ ਨੇ ਧੋਖੇ ਨਾਲ ਇੱਕ ਜੰਡ ਦੇ ਦਰੱਖਤ ਨੂੰ ਉੱਪਰੋਂ ਕੱਟ ਕੇ ਕਿੱਲੀ ਜਿਹੀ ਬਣਾ ਦਿੱਤੀ ਤੇ ਕਿਹਾ ਕਿ ਸਾਡੇ ਪਿੰਡ ਦਾ ਰਿਵਾਜ਼ ਹੈ ਕਿ ਵਿਆਹੁਣ ਆਏ ਲੜਕੇ ਨੂੰ ਨੇਜ਼ਾਬਾਜ਼ੀ ਕਰਕੇ ਕਿੱਲੀ ਪੁੱਟਣੀ ਪੈਂਦੀ ਹੈ ਤਾਂ ਗੁਰੂ ਜੀ ਨੇ ਪਹਿਲੇ ਹੱਲੇ ਹੀ ਜੰਡ ਦੇ ਦਰੱਖਤ ਨੂੰ ਨੇਜ਼ਾ ਮਾਰ ਕੇ ਜੜ੍ਹੋਂ ਉਖਾੜ ਕੇ ਰੱਖ ਦਿੱਤਾ ਸੀ।ਲੰਗਰ ਦੇ ਜੂਠੇ ਬਰਤਨ ਆਪਣੇ ਹੱਥੀਂ ਸਾਫ ਕਰਦੇ ਸਨ। ਰਾਤ ਨੂੰ ਸੰਗਤ ਦੀ ਮੁੱਠੀ ਚਾਪੀ ਕਰਦੇ ਤੇ ਹੱਥੀਂ ਪੱਖਾ ਫੇਰਨ ਦੀ ਸੇਵਾ ਕਰਦੇ ਸਨ। ਇੰਨੀ੍ ਨਿਮਰਤਾ ਸੀ ਸਾਹਿਬ ਜੀ ਵਿੱਚ।ਗੁਰੂ ਜੀ ਦਾ ਜੀਵਨਕਾਲ 43 ਸਾਲਾਂ ਦਾ ਅਰਸਾ ਹੈ

ਪ੍ਰੋ: ਪੂਰਨ ਸਿੰਘ ਲਿੱਖਦੇ ਹਨ ਕਿ: 'ਪੰਜਾਬ ਵੱਸਦਾ ਗੁਰਾਂ ਦੇ ਨਾਂ ਤੇ' ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇੱਕ ਪੁੱਛ ਦੇ ਉੱਤਰ ਵਿੱਚ ਕਿਹਾ ਸੀ ਕਿ:

ਸਿਖ ਨਹੀ ਕੋਈ (ਗੁਰੂ) ਅੰਗਦ ਜੇਹਾ ਹੋਆ।
ਟਹਲੀਆ ਨਹੀ ਕੋਈ (ਗੁਰੂ) ਅਮਰਦਾਸ ਜੇਹਾ ਖੜੋਇਆ।
ਸਾਕ ਨਹੀ ਕੋਈ ਰਾਮਦਾਸ ਜੈਸਾ।
ਪੁਤਰ ਨਹੀ ਕੋਈ ਅਰਜਨ ਵੈਸਾ।

ਗੁਰੂ ਅਰਜਨ ਦੇਵ ਜੀ ਨੇ ਜੇਹੜਾ ਮਹਾਨ ਕਾਰਜ ਕੀਤਾ, ਉਹ ਆਦਿ ਬੀੜ ਦੀ ਸੰਪਾਦਨਾ ਦਾ ਕੰਮ ਸੀ। ਜਿਸ ਵਿੱਚ ਪੰਜ ਗੁਰੂ ਸਹਿਬਾਨ ਤੇ ਬਾਕੀ ਤਕਰੀਬਨ 30 ਦੇ ਕਰੀਬ ਭੱਟਾਂ, ਭਗਤਾਂ, ਗੁਰਸਿੱਖਾਂ ਤੇ ਸੰਤਾਂ ਦੀ ਬਾਣੀ ਨੂੰ ਸ਼ਾਮਿਲ ਕੀਤਾ ਗਿਆ ਹੈ। ਰਾਮਸਰ ਸਾਹਿਬ ਅੰਮ੍ਰਿਤਸਰ ਸਾਹਿਬ ਵਿੱਚ ਭਾਈ ਗੁਰਦਾਸ ਜੀ ਤੋਂ ਲਿਖਵਾ ਕੇ ਬਾਣੀ ਦੀ 'ਪੋਥੀ ਸਾਹਿਬ' ਤਿਆਰ ਕਰਨ ਦਾ ਮਹਾਨ ਕਾਰਜ ਕੀਤਾ। ਆਦਿ ਬੀੜ ਦਾ ਪਹਿਲਾ ਪ੍ਰਕਾਸ਼ ਸੱਚਖੰਡ ਸ੍ਰੀ ਹਰੀਮੰਦਰ ਸਾਹਿਬ ਵਿੱਚ 1604 ਈ: ਵਿੱਚ ਹੋਇਆ ਤੇ ਹਰੀਮੰਦਰ ਸਾਹਿਬ ਦੇ ਪਹਿਲੇ ਹੈਡ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਬਣਾਇਆ ਗਿਆ ਤੇ ਜੋ ਪਹਿਲਾ ਮੁੱਖਵਾਕ ਆਇਆ 'ਸੰਤਾਂ ਕੇ ਕਾਰਜ ਆਪ ਖਲੋਆ' ਸੀ।ਗੁਰੂ ਅਰਜਨ ਦੇਵ ਜੀ 43 ਸਾਲ 1 ਮਹੀਨਾ ਤੇ 15 ਦਿਨ ਦੀ ਸੰਸਾਰਿਕ ਆਯੂ ਵਿੱਚੋਂ 24 ਸਾਲ 8 ਮਹੀਨੇ ਤੇ 29 ਦਿਨ ਗੁਰਤਾਗੱਦੀ ਤੇ ਬਿਰਾਜਮਾਨ ਰਹੇ।।

ਉਹਨਾਂ ਦੁਆਰਾ ਕੀਤੇ ਕਾਰਜਾਂ ਦਾ ਵੇਰਵਾ ਹੈਰਾਨ ਕਰਨ ਵਾਲਾ ਹੈ। ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦਾ ਨਿਰਮਾਣ, ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਦਾ ਸੰਕਲਨ, ਨਵੇਂ ਨਗਰਾਂ ਦੀ ਸਥਾਪਨਾ ਤੇ ਵਿਕਾਸ, ਸਿੱਖੀ ਦਾ ਪਸਾਰ ਤੇ ਸੰਗਠਨ ਤੇ ਧਰਮ ਦੀ ਰੱਖਿਆ ਹਿੱਤ ਆਪਣਾ ਬਲੀਦਾਨ ਗੁਰੂ ਸਾਹਿਬ ਜੀ ਦੇ ਅਹਿਮ ਕਾਰਜ ਸਨ, ਜਿੰਨ੍ਹਾਂ ਦਾ ਪ੍ਰਭਾਵ ਪੰਜਾਬ ਹੀ ਨਹੀ, ਭਾਰਤ ਦੇ ਜਨਜੀਵਨ ਉੱਤੇ ਅਮਿੱਟ ਛਾਪ ਛੱਡ ਗਿਆ ਹੈ। ਉਹਨਾਂ ਨੇ ਅੰਮ੍ਰਿਤਸਰ ਦਾ ਨਿਰਮਾਣ ਕਰਵਾਇਆ, ਅੰਮ੍ਰਿਤਸਰ ਦੇ ਸਰੋਵਰ ਤੋਂ ਬਿਨ੍ਹਾਂ, ਸੰਤੋਖਸਰ ਤੇ ਤਰਨਤਾਰਨ ਸਾਹਿਬ ਦੇ ਸਰੋਵਰ ਖੁਦਵਾਏ ਤੇ ਮੁਕੰਮਲ ਕਰਵਾਏ। ਛੇਹਰਟਾ ਅੰਮ੍ਰਿਤਸਰ ਵਿਖੇ ਛੇਹਰਟਾਂ ਵਾਲਾ ਖੂਹ ਲਗਵਾਇਆ, ਕਰਤਾਰਪੁਰ ਵਸਾਇਆਂ, ਬਉਲੀਆਂ ਤੇ ਖੂਹਾਂ ਦੀ ਖੁਦਵਾਈ ਕਰਵਾਈ। ਅੰਮ੍ਰਿਤਸਰ ਸਾਹਿਬ ਵਿੱਚ ਹਰੀਮੰਦਰ ਸਾਹਿਬ ਦੀ ਸਥਾਪਨਾ ਕੀਤੀ ਤੇ ਸ਼ਹਿਰ ਵਸਾਇਆ। ਹਰ ਕਿਤੇ ਦੇ ਲੋਕਾਂ ਨੂੰ ਇੱਥੇ ਲਿਆ ਕੇ ਵਸਾਇਆ। ਅੱਜ ਵੀ ਉਸੇ ਨਾਮ ਨਾਲ ਹੀ ਬਜ਼ਾਰ ਮਸਹੂਰ ਹਨ ਜਿਵੇ: ਚਾਵਲ ਮੰਡੀ, ਆਟਾ ਮੰਡੀ, ਲੱਕੜ ਮੰਡੀ, ਦਾਣਾ ਮੰਡੀ, ਘਿਉ ਮੰਡੀ, ਲੂਣ ਮੰਡੀ, ਗੁਰੂ ਬਜ਼ਾਰ ਆਦਿ ਹੋਰ ਵੀ ਕਈ ਬਜ਼ਾਰ ਹਨ।

**ਭੱਟ ਮਥੁਰਾ ਜੀ ਵੀ ਫੁਰਮਾਉਂਦੇ ਹਨ ਕਿ:**
**ਜਪ੍ਹਉ ਜਿਨ੍ ਅਰਜੁਨ ਦੇਵ ਗੁਰੂ**
**ਫਿਰਿ ਸੰਕਟ ਜੋਨਿ ਗਰਭ ਨ ਆਯਉ ।।**
**ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ- 1409**

ਭਾਵ ਕਿ ਹੇ ਮਥੁਰਾ! ਹੁਣ ਸੱਚੀ ਵਿਚਾਰ ਇਹ ਹੈ ਕਿ ਜਗਤ ਨੂੰ ਤਾਰਨ ਲਈ (ਹਰੀ ਨੇ ਗੁਰੂ ਅਰਜਨ) ਅਵਤਾਰ ਬਣਾਇਆ ਹੈ। ਜਿੰਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਜਪਿਆ ਹੈ, ਉਹ ਪਰਤ ਕੇ ਗਰਭ ਜੂਨ ਤੇ ਦੁੱਖਾਂ ਵਿੱਚ ਨਹੀ ਆਏ। ਆਉ ਆਪਾਂ ਵੀ ਸਾਰੇ ਗੁਰੂ ਅਰਜਨ ਦੇਵ ਸਹਿਬ ਜੀ ਦੇ ਦਰਸਾਏ ਮਾਰਗ ਤੇ ਚੱਲ ਕੇ ਆਪਣਾ ਜੀਵਨ ਸਫਲ ਬਣਾਈਏ।

**-ਧਰਮਿੰਦਰ ਸਿੰਘ (ਚੱਬਾ),**
**ਪਿੰਡ ਤੇ ਡਾਕ: ਚੱਬਾ,**
**ਤਰਨਤਾਰਨ ਰੋਡ, ਅੰਮ੍ਰਿਤਸਰ**

# ਸਿੱਖ ਰਾਜ ਦਾ ਜਾਂਬਾਜ਼ ਜਰਨੈਲ- ਸ੍ਰ. ਹਰੀ ਸਿੰਘ ਨਲੂਆ



## ਅੱਜ ਬਰਸੀ 'ਤੇ ਵਿਸ਼ੇਸ਼

**ਸਿੱਖ ਰਾਜ** ਦੇ ਮੋਢੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਸਰਦਾਰ ਹਰੀ ਸਿੰਘ ਨਲੂਆ ਦਾ ਵਿਸ਼ੇਸ਼ ਥਾਂ ਹੈ। ਇਸ ਅਣਖੀਲੇ ਜਰਨੈਲ ਦਾ ਜਨਮ 1791 ਈ: ਵਿੱਚ ਪਿਤਾ ਸ੍ਰ. ਗੁਰਦਿਆਲ ਸਿੰਘ ਤੇ ਮਾਤਾ ਧਰਮ ਕੌਰ ਦੀ ਕੁੱਖੋਂ ਗੁੱਜਰਾਂਵਾਲੇ ਵਿੱਚ ਹੋਇਆ। ਸ੍ਰ. ਹਰੀ ਸਿੰਘ ਆਪਣੇ ਪਿਤਾ ਦੀ ਇਕਲੋਤੀ ਸੰਤਾਨ ਸਨ। ਆਪ ਅਜੇ ਬਚਪਨ ਦੀਆਂ ਦਹਿਲੀਜ਼ਾਂ ਵੀ ਨਹੀ ਸਨ ਲੰਘੇ ਕਿ ਆਪ ਦੇ ਪਿਤਾ ਸ੍ਰ. ਗੁਰਦਿਆਲ ਸਿੰਘ ਦਾ ਦੇਹਾਂਤ ਹੋ ਗਿਆ। ਆਪ ਦੀ ਪਾਲਣਾ ਆਪ ਦੀ ਮਾਤਾ ਧਰਮ ਕੌਰ ਨੇ ਕੀਤੀ। ਮਾਤਾ ਧਰਮ ਕੌਰ ਨੇ ਆਪ ਦੀ ਪੜ੍ਹਾਈ ਦਾ ਖਾਸ ਖਿਆਲ ਰੱਖਿਆ। ਆਪ ਗੁਰਮੁੱਖੀ, ਫਾਰਸੀ, ਉਰਦੂ ਤੇ ਪਸ਼ਤੋ ਭਾਸ਼ਾ ਚੰਗੀ ਤਰ੍ਹਾਂ ਬੋਲ, ਸਮਝ ਤੇ ਪੜ੍ਹ ਲਿੱਖ ਲੈਂਦੇ ਸਨ। ਆਪ ਅੰਦਰ ਸਿੱਖੀ ਪ੍ਰਤੀ ਮੋਹ ਠਾਠਾਂ ਮਾਰ ਰਿਹਾ ਸੀ। ਆਪ ਨੇ ਯੁੱਧ ਨੀਤੀ ਵਿੱਚ ਕੰਮ ਆਉਣ ਵਾਲੀਆਂ ਵਿਉਂਤਾਂ ਦੇ ਦਾਅ ਪੇਚ ਸਿੱਖਣੇ ਸ਼ੁਰੂ ਕਰ ਦਿੱਤੇ।ਜਲਦੀ ਹੀ ਘੋੜ ਸਵਾਰੀ, ਤੀਰ ਅੰਦਾਜ਼ੀ, ਤਲਵਾਰਬਾਜ਼ੀ ਤੇ ਹੋਰ ਕਈ ਅਸਤਰ-ਸ਼ਸਤਰ ਚਲਾਉਣ ਦਾ ਵਲ ਸਿੱਖ ਲਿਆ ਸੀ। ਪਿਤਾ ਦੀ ਮੌਤ ਤੋਂ ਬਾਅਦ ਆਪ ਆਪਣੇ ਮਾਮੇ ਕੋਲ ਹੀ ਰਹੇ। ਗਿਆਰਾਂ ਸਾਲ ਦੀ ਉਮਰ ਵਿੱਚ ਆਪਣੇ ਮਾਮੇ ਦੇ ਕਹਿਣ ਤੇ ਆਪ ਮਹਾਰਾਜਾ ਰਣਜੀਤ ਸਿੰਘ ਦੀ ਬੱਚਾ ਪਲਟਨ ਵਿੱਚ ਭਰਤੀ ਹੋ ਗਏ ਸਨ।ਆਪ ਦੇ ਪਿਉ ਦਾਦੇ ਵੀ ਮਹਾਰਾਜਾ ਰਣਜੀਤ ਸਿੰਘ ਦੇ ਪਿਉ ਦਾਦੇ ਦੇ ਸੰਗੀ ਸਾਥੀ ਰਹੇ ਸਨ। ਇਸ ਲਈ ਸ਼ੇਰੇ-ਪੰਜਾਬ ਨੇ ਹਰੀ ਸਿੰਘ ਨੂੰ ਬੜੇ ਹੀ ਖਾਸ ਥਾਂ ਰੱਖਿਆ। ਸ੍ਰ. ਹਰੀ ਸਿੰਘ ਨੇ ਆਪਣੀ ਬਹਾਦਰੀ, ਨਿਰਭੈਤਾ ਤੇ ਸੂਰਬੀਰਤਾ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਦਿਲ ਵਿੱਚ ਖਾਸ ਥਾਂ ਬਣਾ ਲਈ ਸੀ। ਸੰਨ 1801 ਈ: ਵਿੱਚ ਸ਼ੇਰੇ-ਪੰਜਾਬ ਨੇ ਮਹਾਰਾਜਾ ਦੀ ਪਦਵੀ ਧਾਰਨ ਕੀਤੀ ਸੀ। ਸੰਨ 1801 ਤੋਂ 1804 ਈ: ਤੱਕ ਨਵਾਬ ਕਸੂਰ, ਮੁਲਤਾਨ ਤੇ ਝੰਗ ਨੂੰ ਆਪਣੇ ਇਲਾਕੇ ਵਿੱਚ ਮਿਲਾ ਕੇ ਜੰਮੂ ਤੇ ਕਾਂਗੜਾ ਤੋਂ ਰਾਜ-ਕਰ ਵਸੂਲਿਆ ਤੇ ਫਿਰ ਅੰਮ੍ਰਿਤਸਰ ਵਿੱਚ ਭੰਗੀ ਸਰਦਾਰਾਂ ਤੇ ਚੜ੍ਹਾਈ ਕਰਕੇ ਫਤਿਹ ਹਾਸਲ ਕੀਤੀ। ਇਸ ਸਾਰੀ ਕਾਰਵਾਈ ਦੌਰਾਨ ਸ੍ਰ. ਹਰੀ ਸਿੰਘ ਸ਼ੇਰੇ ਪੰਜਾਬ ਦੇ ਨਾਲ ਰਿਹਾ। ਸਮੇਂ-ਸਮੇਂ ਤੇ ਸ਼ੇਰੇ ਪੰਜਾਬ ਆਪਣੇ ਫੌਜੀਆਂ ਅਤੇ ਜਰਨੈਲਾਂ ਦੇ ਬਹਾਦਰੀ ਭਰੇ ਮੁਕਾਬਲੇ ਵੀ ਕਰਵਾਉਂਦੇ ਰਹਿੰਦੇ ਸਨ। ਇਸੇ ਲੜੀ ਤਹਿਤ ਹੀ ਸ੍ਰ. ਹਰੀ ਸਿੰਘ ਨੇ ਸ਼ੇਰੇ ਪੰਜਾਬ ਦਾ ਦਿਲ ਜਿੱਤ ਲਿਆ ਸੀ। ਇੱਕ ਦਿਨ ਮਹਾਰਾਜਾ ਰਣਜੀਤ ਸਿੰਘ ਜੰਗਲਾਂ ਵਿੱਚ ਸ਼ਿਕਾਰ ਖੇਡਣ ਗਏ ਹੋਏ ਸਨ। ਸ੍ਰ. ਹਰੀ ਸਿੰਘ ਵੀ ਨਾਲ ਸੀ। ਅਚਾਨਕ ਸ਼ੇਰ ਨਾਲ ਟਾਕਰਾ ਹੋ ਗਿਆ। ਸ੍ਰ. ਹਰੀ ਸਿੰਘ ਨੇ ਹੱਥੋ-ਹੱਥੀ ਦੀ ਲੜਾਈ ਵਿੱਚ ਸ਼ੇਰ ਨੂੰ ਮਾਰ ਮੁਕਾਇਆ। ਇਹ ਵੇਖ ਕੇ ਮਹਾਰਾਜਾ ਬੜਾ ਖੁਸ਼ ਹੋਇਆ, ਇਨਾਮਾਂ ਦੀ ਝੜੀ ਲਾ ਦਿੱਤੀ ਤੇ ਹਰੀ ਸਿੰਘ ਨੂੰ 'ਨਲ' ਦਾ ਖਿਤਾਬ ਦਿੱਤਾ। ਉਸ ਦਿਨ ਤੋਂ ਸ੍ਰ. ਹਰੀ ਸਿੰਘ ਦੇ ਨਾਂ ਨਾਲ 'ਨਲਵਾ' ਸ਼ਬਦ ਜੁੜ ਗਿਆ ਤੇ ਉਸ ਦਿਨ ਤੋਂ ਨਾਂ ਹੋ ਗਿਆ ਸ੍ਰ. ਹਰੀ ਸਿੰਘ ਨਲੂਆ। ਸ੍ਰ. ਹਰੀ ਸਿੰਘ ਨਲੂਆ ਨੇ ਕਈ ਜੰਗਾਂ ਵਿੱਚ ਆਪਣੀ ਬਹਾਦਰੀ ਦੇ ਜੌਹਰ ਵਿਖਾਏ। ਕਸੂਰ ਦੇ ਨਵੇਂ ਬਣੇ ਨਵਾਬ ਕੁਤਬੁੱਦੀਨ ਨੂੰ ਬੜੀ ਬੁਰੀ ਤਰ੍ਹਾਂ ਹਰਾ ਕੇ ਮਹਾਰਾਜੇ ਦੇ ਪੇਸ਼ ਕੀਤਾ। ਫਿਰ 1809 ਈ: ਵਿੱਚ ਕਾਂਗੜਾ, ਹਰਿਆਣਾ, 1810 ਈ: ਵਿੱਚ ਵਜ਼ੀਰਾਬਾਦ, ਸਿਆਲਕੋਟ ਤੇ ਸ਼ਾਹੀਵਾਲ ਦੇ ਇਲਾਕੇ ਸਿੱਖ ਰਾਜ ਵਿੱਚ ਮਿਲਾਏ। ਫਿਰ ਸੰਨ 1822 ਈ: ਵਿੱਚ ਸ਼੍ਰੀ ਨਗਰ ਅਤੇ 1834 ਈ: ਵਿੱਚ ਪਿਸ਼ਾਵਰ ਵਿੱਚ ਉਸਨੇ ਆਪਣੇ ਨਾਂ ਦਾ ਸਿੱਕਾ ਜਾਰੀ ਕੀਤਾ। ਸੰਨ 1835 ਈ: ਵਿੱਚ ਜਦ ਯੂਸਫਜ਼ਈਆਂ ਪਠਾਣਾਂ ਕੋਲੋਂ ਡੰਡੇ ਦੇ ਜ਼ੋਰ ਨਾਲ ਕਰ ਇੱਕਠਾ ਕੀਤਾ ਤਾਂ ਯੂਸਫਜ਼ਈਆਂ ਪਠਾਣ ਤੇ ਪਠਾਣੀਆਂ ਹਰੀ ਸਿੰਘ ਨਲੂਏ ਦੇ ਨਾਂ ਤੋਂ ਥਰ-ਥਰ ਕੰਬਦੇ ਸਨ। ਇੱਥੋ ਤੱਕ ਕਿ ਪਠਾਣੀਆਂ ਆਪਣੇ ਰੋਂਦੇ ਹੋਏ ਬੱਚਿਆਂ ਨੂੰ ਇਹ ਕਹਿ ਕੇ ਚੁੱਪ ਕਰਾਉਂਦੀਆਂ ਸਨ ਕਿ "ਚੁੱਪ ਸ਼ਾ ਬੱਚਿਆ ! ਹਰੀਆ ਰਾਂਗਲੈ" ਸੁਣ ਕੇ ਪਠਾਣਾਂ ਦੇ ਬੱਚੇ ਡਰਦੇ ਸੌਂ ਜਾਂਦੇ ਸਨ। ਦੁਸ਼ਮਣ ਦੇ ਦਿਲ ਤੇ ਹਰੀ ਸਿੰਘ ਨਲੂਏ ਦੇ ਨਾਂ ਦੀ ਐਸੀ ਦਹਿਸ਼ਤ ਛਾਈ ਹੁੰਦੀ ਸੀ। ਸ੍ਰ. ਹਰੀ ਸਿੰਘ ਨਲੂਆ ਬਹੁਤ ਹੀ ਬਹਾਦਰ ਤੇ ਬਹੁਤ ਹੀ ਫੁਰਤੀਲਾ ਸੀ। ਉਸ ਦੀ ਇੱਕ ਗੱਲ ਬੜੀ ਮਸ਼ਹੂਰ ਸੀ ਕਿ ਜੇ ਮੰਜੇ ਥੱਲੇ ਕਾਂ ( ਕਾਂ ਬੜਾ ਹੀ ਫੁਰਤੀਲਾ ਤੇ ਤੇਜ਼- ਤਰਾਰ ਪੰਛੀ ਮੰਨਿਆ ਜਾਂਦਾ ਹੈ) ਛੱਡ ਦੇਈਏ ਤਾਂ ਉਸਨੂੰ ਸ੍ਰ. ਹਰੀ ਸਿੰਘ ਨਲੂਆ ਇੱਕਲਾ ਹੀ ਬੱਚ ਕੇ ਨਹੀ ਸੀ ਨਿਕਲਣ ਦੇਂਦਾ ਸਗੋਂ ਕਾਬੂ ਕਰ ਲੈਂਦਾ ਸੀ। ਸ੍ਰ. ਹਰੀ ਸਿੰਘ ਨਲੂਏ ਦੇ ਦੋ ਵਿਆਹ ਹੋਏ ਸਨ। ਪਹਿਲੀ ਪਤਨੀ ਦਾ ਨਾਂ ਸਰਦਾਰਨੀ ਦੇਸਾਂ ਸੀ। ਉਸਦੇ ਦੋ ਪੁੱਤਰ ਸ੍ਰ. ਪੰਜਾਬ ਸਿੰਘ, ਸ੍ਰ. ਅਰਜੁਨ ਸਿੰਘ ਤੇ ਦੋ ਧੀਆਂ ਸਨ। ਦੂਸਰੀ ਪਤਨੀ ਦਾ ਨਾਂ ਸਰਦਾਰਨੀ ਰਾਜ ਕੌਰ ਸੀ। ਉਸਦੇ ਦੋ ਪੁੱਤਰ ਸ੍ਰ. ਗੁਰਦਿੱਤ ਸਿੰਘ ਤੇ ਸ੍ਰ. ਜਵਾਹਰ ਸਿੰਘ ਸਨ। ਇੱਕ ਪਾਲਿਤ ਪੁੱਤਰ ਸੀ, ਜਿਸਦਾ ਨਾਂ ਸ੍ਰ. ਮਹਾਂ ਸਿੰਘ ਮੀਰਪੁਰੀਆ ਸੀ। ਸੰਨ 1837 ਈ: ਨੂੰ ਸ੍ਰ. ਹਰੀ ਸਿੰਘ ਨਲੂਆ ਪਿਸ਼ਾਵਰ ਦੇ ਕਿਲ੍ਹਾ ਸੁਮੇਰ ਗੜ੍ਹ ਵਿੱਚ ਡਟਿਆ ਹੋਇਆ ਸੀ, ਪਰ ਉਸਦੀ ਪਾਰਖੂ ਨਜ਼ਰ ਸੀ, ਤਾਂ ਹੀ ਉਸਨੇ ਆਪਣੇ ਪਾਲਿਤ ਪੁੱਤਰ ਸ੍ਰ. ਮਹਾਂ ਸਿੰਘ ਮੀਰਪੁਰੀਏ ਨੂੰ 800 ਸੈਨਿਕ ਦੇ ਕੇ ਜਮਰੌਦ (ਪਿਸ਼ਾਵਰ) ਦੇ ਕਿਲੇ ਵਿੱਚ ਦੁਸ਼ਮਣ ਦੇ ਟਾਕਰੇ ਤੇ ਕਿਲੇਦਾਰ ਨਿਯੁਕਤ ਕਰਕੇ ਭੇਜ ਦਿੱਤਾ। ਅਮੀਰ ਦੌਸਤ ਮੁਹੰਮਦ ਖਾਨ ਨੇ ਸਿੱਖਾਂ ਉੱਪਰ ਜਮਰੌਦ ਦੇ ਕਿਲੇ ਤੇ ਹਮਲਾ ਕਰ ਦਿੱਤਾ ਸੀ। ਸ੍ਰ. ਮਹਾਂ ਸਿੰਘ ਮੀਰਪੁਰੀਏ ਨੇ ਡੱਟ ਕੇ ਦੁਸ਼ਮਣ ਦਾ ਮੁਕਾਬਲਾ ਕੀਤਾ। ਸ੍ਰ. ਹਰੀ ਸਿੰਘ ਨਲੂਆ ਵੀ ਆਪਣੀ 13000 ਕੁ ਹਜ਼ਾਰ ਦੀ ਫੌਜ ਜਿਸ ਵਿੱਚ ਘੋੜ ਸਵਾਰ, ਪੈਦਲ, ਰਾਸ਼ਨ, ਗੋਲੀ ਸਿੱਕਾ , ਬਾਰੂਦ ਤੇ ਵੀਹ ਵੱਡੀਆਂ ਤੋਪਾਂ ਸਨ, ਲੈ ਕੇ ਦੁਸ਼ਮਣ ਦੇ ਸਾਹਮਣੇ ਆ ਖੜਾ ਹੋਇਆ। ਦੁਸ਼ਮਣ ਦਾ ਬਹੁਤ ਨੁਕਸਾਨ ਕੀਤਾ। ਮੁਹੰਮਦ ਅਕਬਰ ਖਾਨ ਇਸ ਲੜਾਈ ਵਿੱਚ ਮੈਦਾਨ ਛੱਡ ਕੇ ਭੱਜ ਨਿਕਲਿਆ ਸੀ। ਭੱਜੇ ਜਾਂਦੇ ਅਫਗਾਨੀਆਂ ਤੋਂ ਸਿੰਘਾਂ ਨੇ ਹਥਿਆਰ, ਗੋਲੀ ਸਿੱਕਾ ਤੇ 14 ਵੱਡੀਆਂ ਤੋਪਾਂ ਖੋਹ ਲਈਆਂ ਸਨ ਤੇ ਦੂਰ ਤੱਕ ਭੱਜੇ ਜਾਂਦੇ ਅਫਗਾਨੀਆਂ ਦਾ ਪਿੱਛਾ ਕੀਤਾ। ਅੰਤ ਪਹਾੜੀ ਵਿੱਚ ਲੁਕੇ ਹੋਏ ਅਫਗਾਨੀਆਂ ਨੇ ਸ੍ਰ. ਹਰੀ ਸਿੰਘ ਨਲੂਏ ਤੇ ਗੋਲੀਆਂ ਚਲਾ ਦਿੱਤੀਆਂ ਜੋ ਕਿ ਪਹਿਲੀ ਗੋਲੀ ਉਸਦੇ ਪੱਟ ਅਤੇ ਦੂਜੀ ਗੋਲੀ ਵੱਖੀ ਵਿੱਚ ਲੱਗੀ। ਸਿੱਖ ਘੋੜੇ ਸਮੇਤ ਹੀ ਸ੍ਰ. ਹਰੀ ਸਿੰਘ ਨਲੂਏ ਨੂੰ ਕਿਲ੍ਹਾ ਜਮਰੌਦ ਵਿੱਚ ਲੈ ਗਏ। ਸ੍ਰ. ਹਰੀ ਸਿੰਘ ਨਲੂਏ ਦੇ ਕਹਿਣ ਤੇ ਮਹਾਰਾਜੇ ਦੇ ਆਉਣ ਤੱਕ ਉਸਦੀ ਮੌਤ ਨੂੰ ਗੁਪਤ ਰੱਖਿਆ ਗਿਆ। ਇਸ ਤਰ੍ਹਾਂ 30 ਅਪ੍ਰੈਲ 1837 ਈ: ਨੂੰ ਇਸ ਅਣਖੀਲੇ ਤੇ ਬਹਾਦਰ ਜਰਨੈਲ ਨੇ ਕਿਲਾ ਜਮਰੌਦ (ਪਿਸ਼ਾਵਰ) ਵਿੱਚ ਅੰਤਿਮ ਸਾਹ ਲਿਆ ਤੇ ਵਾਹਿਗੁਰੂ ਦੇ ਚਰਨਾਂ ਵਿੱਚ ਜਾ ਬਿਰਾਜੇ। ਮਹਾਰਾਜਾ ਰਣਜੀਤ ਸਿੰਘ ਨੂੰ ਜਦ 6 ਮਈ 1837 ਈ: ਨੂੰ ਰੋਹਤਾਸ ਵਿੱਚ ਸ੍ਰ. ਹਰੀ ਸਿੰਘ ਨਲੂਆ ਦੀ ਸ਼ਹੀਦ ਹੋਣ ਦੀ ਖਬਰ ਮਿਲੀ ਤਾਂ ਇਸ ਮਹਾਨ ਯੋਧੇ ਦੀ ਸ਼ਹਾਦਤ ਤੇ ਸ਼ੇਰੇ ਪੰਜਾਬ ਧਾਂਹਾ ਮਾਰ ਕੇ ਰੋਇਆ ਸੀ। ਪਿੱਛੇ ਜਿਹੇ ਇਸ ਮਹਾਨ ਯੋਧੇ ਨੇ ਵਿਸ਼ਵ ਇਤਿਹਾਸ ਦੇ 10 ਮਹਾਨ ਜੇਤੂਆਂ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਸੀ। ਆਸਟਰੇਲੀਆ ਦੇ ਬਿਲੀਅਨਏਰਸ ਰਸਾਲੇ ਨੇ ਸ੍ਰ. ਹਰੀ ਸਿੰਘ ਨਲੂਆ ਨੂੰ ਦੁਨੀਆਂ ਦੇ ਸਭ ਤੋਂ ਵੱਧ ਤਾਕਤਵਰ ਜਰਨੈਲਾਂ ਵਿੱਚੋਂ ਪਹਿਲਾ ਸਥਾਨ ਦਿੱਤਾ ਹੈ। ਉਸ ਰਸਾਲੇ ਵਿੱਚ ਲਿਖਿਆ ਗਿਆ ਹੈ ਕਿ ਹਰੀ ਸਿੰਘ ਨਲੂਆ ਇੱਕੋ ਇੱਕ ਅਜਿਹੀ ਸ਼ਖਸੀਅਤ ਹਨ, ਜਿੰਨ੍ਹਾਂ ਨੇ ਖ਼ੈਬਰ ਦਰੇ 'ਤੇ ਕਬਜ਼ਾ ਕਰਕੇ ਭਾਰਤ ਉਪ ਮਹਾਂਦੀਪ 'ਚ ਪਠਾਨਾਂ ਦਾ ਦਾਖਲਾ ਬੰਦ ਕੀਤਾ ਸੀ। ਸ੍ਰ. ਹਰੀ ਸਿੰਘ ਨਲੂਆ ਨੇ ਅਫਗਾਨੀਆਂ ਨੂੰ ਨੱਥ ਪਾਈ ਹੋਈ ਸੀ, ਜਿੰਨ੍ਹਾਂ ਨੇ ਅਮਰੀਕਾ ਤੇ ਨਾਟੋ ਵਰਗੀਆਂ ਫੋਜ਼ਾਂ ਦੇ ਗੋਡੇ ਲਵਾਏ ਹੋਏ ਸਨ। ਸ੍ਰ. ਹਰੀ ਸਿੰਘ ਨਲੂਆ ਦੀਆਂ ਰਣਨੀਤੀਆਂ ਅੱਜ ਵੀ ਫੋਜ਼ੀ ਜਰਨੈਲਾਂ ਲਈ ਚਾਨਣ ਮੁਨਾਰਾ ਹਨ। ਆਉ ਇਹਨਾਂ ਬਹਾਦਰ ਸੂਰਬੀਰਾਂ ਤੇ ਮਹਾਨ ਯੋਧਿਆਂ ਦੀ ਕੁਰਬਾਨੀ ਨੂੰ ਕੋਟਿਨ-ਕੋਟ ਪ੍ਰਣਾਮ ਕਰੀਏ।

**-ਧਰਮਿੰਦਰ ਸਿੰਘ (ਚੱਬਾ), ਪਿੰਡ ਤੇ ਡਾਕ: ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ**

# ਸ੍ਰੀ ਗੁਰੂ ਗ੍ਰੰਥ ਸਹਿਬ ਜੀ ਸੇਵਾ ਕੇਂਦਰ

## ਗੁਰਮਤਿ ਵਿਦਿਆਲਾ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁੱਖੀ ਦਮਦਮੀ ਟਕਸਾਲ ਯਾਦਗਾਰੀ ਅਸਥਾਨ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ

## ਨਵਾਂ ਗੁਰਮਤਿ ਵਿਦਿਆਲਾ ਅਤੇ ਖੇਡ ਸਹੂਲਤਾਂ ਦੇ ਪ੍ਰੋਜੈਕਟ

ਦਮਦਮੀ ਟਕਸਾਲ ਜਥਾ ਭਿੰਡਰਾਂ ਯੂ ਕੇ

24 ਦਸੰਬਰ 2021 ਨੂੰ ਦਮਦਮੀ ਟਕਸਾਲ ਜਥਾ (ਯੂ.ਕੇ. & ਯੂਰਪ) ਦੀ ਨੁਮਾਇੰਦਗੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਾਧਸੰਗਤ ਦੀ ਹਜ਼ੂਰੀ ਵਿਚ ਪੰਜ ਸਿੰਘਾਂ ਦੀ ਨਿਯੁਕਤੀ ਕੀਤੀ ਗਈ ਸੀ।

ਪਿਛਲੇ 2 ਸਾਲਾਂ ਤੋਂ ਲਗਾਤਾਰ ਇੱਕ ਜਗ੍ਹਾ ਦੀ ਖੋਜ ਕਰ ਰਹੇ ਸਨ ਜਿੱਥੇ ਗੁਰਮਤਿ ਵਿਦਿਆਲਾ ਬਣੇ ਅਤੇ ਸਪੋਰਟਸ ਦੀਆਂ ਸਹੂਲਤਾਂ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਅਸਥਾਨ ਬਣਾਉਣ ਲਈ ਜਗ੍ਹਾ ਦੀ ਭਾਲ ਕਰ ਰਹੇ ਸੀ ਜੋ ਹੁਣ ਸਾਨੂੰ ਲੱਭ ਗਈ ਹੈ ਅਤੇ ਹੁਣ ਖਰੀਦਣ ਲਈ ਯਤਨ ਜਾਰੀ ਹਨ।

ਵੈਸਟ ਮਿਡਲੈਂਡਜ਼ ਵਿੱਚ, M5 ਮੋਟਰਵੇਅ 'ਤੇ ਜੰਕਸ਼ਨ 2 ਤੋਂ ਇੱਕ ਮੀਲ ਦੀ ਦੂਰੀ ਤੇ ਇਹ ਜਗ੍ਹਾ ਹੈ ਜਿਸ ਵਿਚ ਕਾਰ ਪਾਰਕ, ਫੁੱਟਬਾਲ ਪਿੱਚ ਅਤੇ ਇਮਾਰਤ ਸਮੇਤ 4.6 ਏਕੜ ਜਗ੍ਹਾ ਹੈ (ਜੋ ਪਹਿਲਾਂ ਸਮਾਜਿਕ ਅਤੇ ਖੇਡ ਕਲੱਬ ਵਜੋਂ ਵਰਤਿਆ ਜਾਂਦਾ ਸੀ)।

ਜਗ੍ਹਾ ਨੂੰ ਖਰੀਦਣ ਦੇ ਤਿੰਨ ਮੁੱਖ ਕਾਰਣ ਹਨ:

1. ਗੁਰਬਾਣੀ ਦੀ ਸੰਥਿਆ, ਕਥਾ, ਕੀਰਤਨ ਅਤੇ ਗਤਕਾ ਸਿਖਾਉਣ ਲਈ ਗੁਰਮਤਿ ਵਿਦਿਆਲਾ ਜਿੱਥੇ ਸਿਖਾਏ ਉਸਤਾਦ ਭਵਿੱਖ ਦੇ ਪਾਠੀ, ਗਿਆਨੀ, ਰਾਗੀ, ਗਤਕਾ ਖਿਡਾਰੀ ਤਿਆਰ ਕਰ ਸਕਣ ਅਤੇ ਸਾਡੇ ਬੱਚੇ ਪਵਿੱਤਰ ਗੁਰਮਤਿ ਵਿੱਦਿਆ ਧਾਰਨ ਕਰ ਸਕਣ। ਇਸ ਤੋਂ ਇਲਾਵਾ ਇੱਕ ਵਿਦਿਅਕ ਸੈਂਟਰ ਜਿੱਥੇ ਬੱਚਿਆਂ ਨੂੰ ਗੁਰਮੁਖੀ ਅਤੇ ਪੰਜਾਬੀ ਦੇ ਨਾਲ ਦੁਨਿਆਵੀ/ਸਕੂਲੀ ਵਿੱਦਿਆ ਵਿਚ ਮਦਦ ਲਈ ਖਾਸ ਪ੍ਰਬੰਧ ਹੋਵੇਗਾ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੇਵਾ, ਪੋਥੀ ਸਾਹਿਬ ਅਤੇ ਗੁਟਕਾ ਸਾਹਿਬ ਦੀਆਂ ਸੇਵਾਵਾਂ ਗੁਰਬਾਣੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਕਰ ਸਕੀਏ।
3. ਸਮਾਜਕ ਭਾਈਚਾਰੇ ਲਈ ਆਧੁਨਿਕ ਖੇਡਾਂ ਦੀ ਸਹੂਲਤ ਲਈ ਸਪੋਰਟਸ ਅਕੈਡਮੀ ਜਿਸ ਵਿੱਚ, ਫੁੱਟਬਾਲ ਪਿੱਚ, ਜਿੰਮ, ਮਾਰਸ਼ਲ ਆਰਟਸ ਤੋਂ ਇਲਾਵਾ ਹੋਰ ਖੇਡਾਂ ਲਈ ਆਧੁਨਿਕ ਸਾਧਨ ਹੋਣਗੇ।

ਇਹ ਸੇਵਾਵਾਂ ਆਪ ਸਭ ਸੰਗਤ ਦੇ ਨਿਰੰਤਰ ਸਹਿਯੋਗ ਨਾਲ ਹੀ ਸਫਲ ਹੋ ਸਕਦੀਆਂ ਹਨ ਸਾਧ ਸੰਗਤ ਜੀ। ਅਸੀਂ ਤੁਹਾਡੇ ਚਰਨਾਂ ਵਿਚ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਇਹ ਸੇਵਾਵਾਂ ਵਿੱਚ ਆਪਣੀਆਂ ਕਿਰਤ ਕਮਾਈਆਂ ਵਿੱਚੋਂ ਦਸਵੰਧ ਕੱਢ ਕੇ ਹਿੱਸਾ ਪਾ ਕੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਪੂਰਾ ਸਹਿਯੋਗ ਦੇਵੋ ਤਾਂ ਜੋ ਇਹ ਜਗ੍ਹਾ ਖਰੀਦ ਸਕੀਏ। ਇਹ ਜਗ੍ਹਾ £630,000 ਦੀ ਹੈ ਆਪਜੀ ਦੇ ਸਹਿਯੋਗ ਨਾਲ ਇਹ ਸਭ ਕੁਝ ਹੋ ਸਕਦਾ ਹੈ। ਇੱਕ ਵਾਰ ਸੇਵਾ ਦੇਣੀ ਜਾਂ ਪ੍ਰਤੀ ਮਹੀਨਾਵਾਰ ਸਟੈਂਡਿੰਗ ਆਰਡਰ ਸਥਾਪਤ ਕਰਨਾ ਜਿਵੇਂ ਆਪਜੀ ਨੂੰ ਚੰਗਾ ਲੱਗੇ ਆਪ ਸਮੂਹ ਸਾਧ ਸੰਗਤ ਆਪਣਾ ਪੂਰਾ ਸਹਿਯੋਗ ਦੇ ਕੇ ਇਸ ਕਾਰਜ ਨੂੰ ਸਫਲ ਕਰੋ ਜੀ।

### ਆਪਣਾ ਯੋਗਦਾਨ ਹੇਠ ਲਿਖੇ ਬੈਂਕ ਅਕਾਊਂਟ ਵਿੱਚ ਭੇਜ ਸਕਦੇ ਹੋ ਜੀ:

| NATWEST BANK | |
|---|---|
| ACCOUNT NAME | DAMDAMI TAKSAL UK |
| ACOUNT NUMBER | 66477778 |
| SORT CODE | 60-15-26 |

ਨੋਟ: ਕਿਰਪਾ ਕਰਕੇ ਆਪਣਾ ਪੂਰਾ ਨਾਮ ਬੈਂਕ ਟਰਾਂਸਫਰ ਦੀ ਰੈਫਰੈਂਸ ਵਜੋਂ ਜ਼ਰੂਰ ਲਿਖੋ ਜੀ। ਧੰਨਵਾਦ।



ਮੌਜੂਦਾ ਬਿਲਡਿੰਗ ਜੋ ਕਿ ਇੱਕ ਫੁੱਟਬਾਲ ਕਲੱਬ ਦੇ ਤੌਰ ਤੇ ਵਰਤੀ ਜਾ ਰਹੀ ਸੀ ਉਸਦਾ ਨਕਸ਼ਾ



ਜ਼ਮੀਨ ਦੀ ਹੱਦਬੰਦੀ (Scale 1: 1250)



ਸਮੁੱਚੀ ਜ਼ਮੀਨ ਦੀ ਹੱਦ ਅਤੇ ਨਿਸ਼ਾਨਦੇਹੀ

Stay Connected:
email: info@damdamitaksal.co.uk
DamdamiTaksalUKJathaBhindran

## ਜਾਰੀ ਕਰਤਾ ਦਮਦਮੀ ਟਕਸਾਲ ਯੂ.ਕੇ. ਅਤੇ ਯੂਰਪ

- ਗਿਆਨੀ ਸੋਹਣ ਸਿੰਘ ਜੀ
- ਗਿਆਨੀ ਗੁਰਜਿੰਦਰ ਸਿੰਘ ਜੀ
- ਗਿਆਨੀ ਸੁਖਰਾਜ ਸਿੰਘ ਜੀ
- ਗਿਆਨੀ ਗੁਰਜੰਟ ਸਿੰਘ ਜੀ
- ਗਿਆਨੀ ਸੁਖਬੀਰ ਸਿੰਘ ਜੀ

--: ਸੰਪਰਕ ਨੰਬਰ :--
07877017219,
07400830403
07856786642

# ਸੰਮਤ ੫੫੬ ਨਾਨਕਸ਼ਾਹੀ ਕੈਲੰਡਰ




(ਸੰਨ 2024–25)

### ਚੇਤ (ਮਾਰਚ-24 – ਅਪ੍ਰੈਲ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ | ੨ | ੩ |
| ੪ | ੫ | ੬ | ੭ | ੮ | ੯ | ੧੦ |
| ੧੧ | ੧੨ | ੧੩ | ੧੪ | ੧੫ | ੧੬ | ੧੭ |
| ੧੮ | ੧੯ | ੨੦ | ੨੧ | ੨੨ | ੨੩ | ੨੪ |
| ੨੫ | ੨੬ | ੨੭ | ੨੮ | ੨੯ | ੩੦ | |

### ਵੈਸਾਖ (ਅਪ੍ਰੈਲ-24 – ਮਈ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੦ | ੩੧ | | | | | ੧ |
| ੨ | ੩ | ੪ | ੫ | ੬ | ੭ | ੮ |
| ੯ | ੧੦ | ੧੧ | ੧੨ | ੧੩ | ੧੪ | ੧੫ |
| ੧੬ | ੧੭ | ੧੮ | ੧੯ | ੨੦ | ੨੧ | ੨੨ |
| ੨੩ | ੨੪ | ੨੫ | ੨੬ | ੨੭ | ੨੮ | ੨੯ |

### ਜੇਠ (ਮਈ-24 – ਜੂਨ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ | ੨ | ੩ | ੪ | ੫ |
| ੬ | ੭ | ੮ | ੯ | ੧੦ | ੧੧ | ੧੨ |
| ੧੩ | ੧੪ | ੧੫ | ੧੬ | ੧੭ | ੧੮ | ੧੯ |
| ੨੦ | ੨੧ | ੨੨ | ੨੩ | ੨੪ | ੨੫ | ੨੬ |
| ੨੭ | ੨੮ | ੨੯ | ੩੦ | ੩੧ | | |

### ਹਾੜ (ਜੂਨ-24 – ਜੁਲਾਈ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ | 32 | | | | ੧ | ੨ |
| ੩ | ੪ | ੫ | ੬ | ੭ | ੮ | ੯ |
| ੧੦ | ੧੧ | ੧੨ | ੧੩ | ੧੪ | ੧੫ | ੧੬ |
| ੧੭ | ੧੮ | ੧੯ | ੨੦ | ੨੧ | ੨੨ | ੨੩ |
| ੨੪ | ੨੫ | ੨੬ | ੨੭ | ੨੮ | ੨੯ | ੩੦ |

### ਸਾਵਣ (ਜੁਲਾਈ-24 – ਅਗਸਤ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ | ੨ | ੩ | ੪ | ੫ |
| ੬ | ੭ | ੮ | ੯ | ੧੦ | ੧੧ | ੧੨ |
| ੧੩ | ੧੪ | ੧੫ | ੧੬ | ੧੭ | ੧੮ | ੧੯ |
| ੨੦ | ੨੧ | ੨੨ | ੨੩ | ੨੪ | ੨੫ | ੨੬ |
| ੨੭ | ੨੮ | ੨੯ | ੩੦ | ੩੧ | | |

### ਭਾਦੋਂ (ਅਗਸਤ-24 – ਸਤੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ | | | | | ੧ | ੨ |
| ੩ | ੪ | ੫ | ੬ | ੭ | ੮ | ੯ |
| ੧੦ | ੧੧ | ੧੨ | ੧੩ | ੧੪ | ੧੫ | ੧੬ |
| ੧੭ | ੧੮ | ੧੯ | ੨੦ | ੨੧ | ੨੨ | ੨੩ |
| ੨੪ | ੨੫ | ੨੬ | ੨੭ | ੨੮ | ੨੯ | ੩੦ |

### ਅੱਸੂ (ਸਤੰਬਰ-24 – ਅਕਤੂਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | ੧ | ੨ | ੩ | ੪ | ੫ | ੬ |
| ੭ | ੮ | ੯ | ੧੦ | ੧੧ | ੧੨ | ੧੩ |
| ੧੪ | ੧੫ | ੧੬ | ੧੭ | ੧੮ | ੧੯ | ੨੦ |
| ੨੧ | ੨੨ | ੨੩ | ੨੪ | ੨੫ | ੨੬ | ੨੭ |
| ੨੮ | ੨੯ | ੩੦ | ੩੧ | | | |

### ਕੱਤਕ (ਅਕਤੂਬਰ-24 – ਨਵੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ | ੨ | ੩ |
| ੪ | ੫ | ੬ | ੭ | ੮ | ੯ | ੧੦ |
| ੧੧ | ੧੨ | ੧੩ | ੧੪ | ੧੫ | ੧੬ | ੧੭ |
| ੧੮ | ੧੯ | ੨੦ | ੨੧ | ੨੨ | ੨੩ | ੨੪ |
| ੨੫ | ੨੬ | ੨੭ | ੨੮ | ੨੯ | ੩੦ | |

### ਮੱਘਰ (ਨਵੰਬਰ-24 – ਦਸੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | | | ੧ |
| ੨ | ੩ | ੪ | ੫ | ੬ | ੭ | ੮ |
| ੯ | ੧੦ | ੧੧ | ੧੨ | ੧੩ | ੧੪ | ੧੫ |
| ੧੬ | ੧੭ | ੧੮ | ੧੯ | ੨੦ | ੨੧ | ੨੨ |
| ੨੩ | ੨੪ | ੨੫ | ੨੬ | ੨੭ | ੨੮ | ੨੯ |

### ਪੋਹ (ਦਸੰਬਰ-24 – ਜਨਵਰੀ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੧ | ੨ | ੩ | ੪ | ੫ | ੬ | ੭ |
| ੮ | ੯ | ੧੦ | ੧੧ | ੧੨ | ੧੩ | ੧੪ |
| ੧੫ | ੧੬ | ੧੭ | ੧੮ | ੧੯ | ੨੦ | ੨੧ |
| ੨੨ | ੨੩ | ੨੪ | ੨੫ | ੨੬ | ੨੭ | ੨੮ |
| ੨੯ | ੩੦ | | | | | |

### ਮਾਘ (ਜਨਵਰੀ-25 – ਫਰਵਰੀ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ | ੨ | ੩ | ੪ | ੫ |
| ੬ | ੭ | ੮ | ੯ | ੧੦ | ੧੧ | ੧੨ |
| ੧੩ | ੧੪ | ੧੫ | ੧੬ | ੧੭ | ੧੮ | ੧੯ |
| ੨੦ | ੨੧ | ੨੨ | ੨੩ | ੨੪ | ੨੫ | ੨੬ |
| ੨੭ | ੨੮ | ੨੯ | | | | |

### ਫੱਗਣ (ਫਰਵਰੀ-25 – ਮਾਰਚ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | ੧ | ੨ | ੩ | ੪ |
| ੫ | ੬ | ੭ | ੮ | ੯ | ੧੦ | ੧੧ |
| ੧੨ | ੧੩ | ੧੪ | ੧੫ | ੧੬ | ੧੭ | ੧੮ |
| ੧੯ | ੨੦ | ੨੧ | ੨੨ | ੨੩ | ੨੪ | ੨੫ |
| ੨੬ | ੨੭ | ੨੮ | ੨੯ | ੩੦ | | |

● ਸੰਗਰਾਂਦ ● ਮੱਸਿਆ ● ਪੂਰਨਮਾਸ਼ੀ

ਗੁਰਪੁਰਬ | ਇਤਿਹਾਸਕ ਦਿਹਾੜੇ | ਸਰਕਾਰੀ ਛੁੱਟੀਆਂ | ਭਗਤ ਸਾਹਿਬਾਨ ਦੇ ਦਿਹਾੜੇ

[illegible]

## ਪ੍ਰਕਾਸ਼ਕ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ.ਕੇ.

ਸੰਪਰਕ : +44 78139 53484, +44 75392 43163, +44 7976210161, +91 94788 97960 E-Mail : nsycuk1469@gmail.com, Web : www.nsycuk.com


ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




ਆਵਾਜ਼ਿ ਕੌਮ
AWAZE QAUM
International Newspaper & WEB TV


ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

Gurdwara Sahib Shaeed Baba Deep Singh ji Casalmorano Cremona (Italy)



## 6 ਜੂਨ 1984 ਦੇ 40ਵੇਂ ਘੱਲੂਘਾਰੇ ਨੂੰ ਸਮਰਪਿਤ 40 ਦਿਨ ਵਾਹਿਗੁਰੂ ਸਿਮਰਨ

ਜੂਨ 1984 ਦੇ ਸਮੂਹ ਸ਼ਹੀਦ ਕੀਤੇ ਸਿੰਘ ਸਿੰਘਣੀਆਂ ਭੁਜੰਗੀਆਂ ਦੀਆਂ ਸ਼ਹੀਦੀਆਂ ਨੂੰ ਸਮਰਪਿਤ 40 ਦਿਨ ਨਾਮ ਸਿਮਰਨ ਕਰਵਾਇਆ ਜਾ ਰਿਹਾ ਹੈ

• 27 ਅਪ੍ਰੈਲ ਸ਼ਨਿੱਚਰਵਾਰ ਸ਼ਾਮ 5 ਵਜੇ ਪਹਿਲੇ ਦਿਨ ਦੀ ਵਾਹਿਗੁਰੂ ਸਿਮਰਨ ਦੀ ਆਰੰਭਤਾ ਹੋਵੇਗੀ • 8 ਜੂਨ 2024 ਸ਼ਨਿੱਚਰਵਾਰ ਸ਼ਾਮ 6 ਵਜੇ ਨੂੰ ਸਮਾਪਤੀ ਹੋਵੇਗੀ

ਸਮੇਂ ਦਾ ਵੇਰਵਾ : ਹਰ ਸ਼ਨਿੱਚਰਵਾਰ ਸ਼ਾਮ 5 ਤੋਂ 6 ਵਜ਼ ਤੱਕ ਬਾਕੀ ਸਾਰੇ ਦਿਨ ਹਰ ਰੋਜ ਸ਼ਾਮ 7 ਵਜੇ ਆਰੰਭਤਾ 8 ਵਜੇ ਵਾਹਿਗੁਰੂ ਸਿਮਰਨ ਦੀ ਸਮਾਪਤੀ ਹੋਵੇਗੀ।

☛ ਵੱਧ ਤੋਂ ਵੱਧ ਸ਼ੇਅਰ ਜ਼ਰੂਰੀ ਕਰਨਾ ਜੀ

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778


ਆਵਾਜ਼ਿ ਕੌਮ
AWAZE QAUM
International Newspaper & WEB TV
SHIROMANI PANTH AKAALI BUDHA DAL FAUJ UK
UNDER THE GUIDANCE OF AKAALI BABA MAAN SINGH JI 96 CRORI
Mahant Giani Tarlochan Singh Ji
HEAD GRANTHI MISL
SHAHEEDAN TARNA DAL SRI
BABA BAKALA SAHIB
UK TOUR 2024
ARRIVING 30 APRIL
AT MANCHESTER AIRPORT
TIME: 12PM
FOR FURTHER INFORMATION
CONTACT 07789616665 /
07888371623 / 07748380389
AMRIT SANCHAAR
BY PANJ PYAARE FROM BUDHA DAL AND TARNA DAL
SATURDAY 4 MAY 2024
SRI GURU SINGH SABHA GURDWARA
32 DERBY ST, CHEETHAM HILL,
MANCHESTER M8 8RY
• ARRIVE AT 10AM
• BUDHA DAL LICENCE PROVIDED ON THE DAY
• KESI ISHNAN MUST BE DONE



ਸ੍ਰੀ ਅਕਾਲ ਜੀ ਸਹਾਇ
ਦੇਗ ਤੇਗ ਫਤਿਹ
ਪੰਥ ਕੀ ਜੀਤ
ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਵੱਲੋਂ
ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਅਤੇ ਜੂਨ 1984 (ਘੱਲੂਘਾਰੇ) ਦੇ ਸਮੂਹ ਸ਼ਹੀਦਾਂ ਦੀ 40ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ
ਸ਼ਬਦ ਕੀਰਤਨ ਅਤੇ
ਕਥਾ ਸਮਾਗਮ
1 ਮਈ ਤੋਂ 31 ਮਈ 2024 ਤੱਕ
ਰੋਜ਼ਾਨਾ ਸ਼ਾਮ 6 ਤੋਂ 8 ਵਜੇ ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV
ਮਹਿਤਾ ਚੌਂਕ ਤੇ ਆਸ ਪਾਸ ਦੇ ਪਿੰਡਾਂ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿੱਚ ਦਮਦਮੀ ਟਕਸਾਲ ਦੇ ਮੁਖੀ
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ 'ਭਿੰਡਰਾਂਵਾਲੇ' ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।
1 ਮਈ ਬੁੱਧਵਾਰ ਜਬੋਵਾਲ ਸ਼ਾਮ 6 ਤੋਂ 8 ਵਜੇ ਤੱਕ
2 ਮਈ ਵੀਰਵਾਰ ਜੱਫਰਵਾਲ ਸ਼ਾਮ 6 ਤੋਂ 8 ਵਜੇ ਤੱਕ
3 ਮਈ ਸ਼ੁੱਕਰਵਾਰ ਸਹਾਇਪੁਰ ਸ਼ਾਮ 6 ਤੋਂ 8 ਵਜੇ ਤੱਕ
4 ਮਈ ਸ਼ਨੀਵਾਰ ਮੁਰਾਦਪੁਰ ਸ਼ਾਮ 6 ਤੋਂ 8 ਵਜੇ ਤੱਕ
5 ਮਈ ਐਤਵਾਰ ਗੁਰੂ ਕੀ ਬੇਰ ਸਾਹਿਬ ਮੱਤੇਵਾਲ ਸ਼ਾਮ 5 ਤੋਂ 7 ਵਜੇ ਤੱਕ
6 ਮਈ ਸੋਮਵਾਰ ਕਾਹਲਵਾ ਸ਼ਾਮ 6 ਤੋਂ 8 ਵਜੇ ਤੱਕ
7 ਮਈ ਮੰਗਲਵਾਰ ਉੱਦੋ ਨੰਗਲ ਸ਼ਾਮ 6 ਤੋਂ 8 ਵਜੇ ਤੱਕ
8 ਮਈ ਬੁੱਧਵਾਰ ਬਾਬੋਵਾਲ ਸ਼ਾਮ 6 ਤੋਂ 8 ਵਜੇ ਤੱਕ
9 ਮਈ ਵੀਰਵਾਰ ਧਰਦਿਉ ਸ਼ਾਮ 6 ਤੋਂ 8 ਵਜੇ ਤੱਕ
10 ਮਈ ਸ਼ੁੱਕਰਵਾਰ ਧਿਆਨਪੁਰ ਸ਼ਾਮ 6 ਤੋਂ 8 ਵਜੇ ਤੱਕ
11 ਮਈ ਸ਼ਨੀਵਾਰ ਗੁ: ਬਾਬਾ ਪੱਲਾ ਜੀ ਬੁਤਾਲਾ ਸ਼ਾਮ 6 ਤੋਂ 8 ਵਜੇ ਤੱਕ
12 ਮਈ ਐਤਵਾਰ ਸਦਾਰੰਗ ਸ਼ਾਮ 6 ਤੋਂ 8 ਵਜੇ ਤੱਕ
13 ਮਈ ਸੋਮਵਾਰ ਸੂਸਾ ਸ਼ਾਮ 6 ਤੋਂ 8 ਵਜੇ ਤੱਕ
14 ਮਈ ਮੰਗਲਵਾਰ ਗੁ: ਬਾਬਾ ਮੜ੍ਹ ਜੀ ਮੀਕੇ ਸ਼ਾਮ 6 ਤੋਂ 8 ਵਜੇ ਤੱਕ
15 ਮਈ ਬੁੱਧਵਾਰ ਭਾਮ ਸ਼ਾਮ 6 ਤੋਂ 8 ਵਜੇ ਤੱਕ
16 ਮਈ ਵੀਰਵਾਰ ਭਲਾਈਪੁਰ ਪੁਰਬਾ ਸ਼ਾਮ 6 ਤੋਂ 8 ਵਜੇ ਤੱਕ
17 ਮਈ ਸ਼ੁੱਕਰਵਾਰ ਨਿੱਕੇ ਘੁੰਮਣ ਸ਼ਾਮ 6 ਤੋਂ 8 ਵਜੇ ਤੱਕ
18 ਮਈ ਸ਼ਨੀਵਾਰ ਗੁ: ਕੰਧ ਸਾਹਿਬ (ਬਟਾਲਾ) ਸ਼ਾਮ 6 ਤੋਂ 8 ਵਜੇ ਤੱਕ
19 ਮਈ ਐਤਵਾਰ ਗੁ: ਬਾਬਾ ਬਕਾਲਾ ਸਾਹਿਬ ਸਵੇਰੇ 10 ਤੋਂ 12 ਵਜੇ ਤੱਕ ਸਿਆਲਕਾ
20 ਮਈ ਸੋਮਵਾਰ ਲੀਲ ਕਲਾਂ ਸ਼ਾਮ 6 ਤੋਂ 8 ਵਜੇ ਤੱਕ
21 ਮਈ ਮੰਗਲਵਾਰ ਚੌਧਰੀਵਾਲ ਸ਼ਾਮ 6 ਤੋਂ 8 ਵਜੇ ਤੱਕ
22 ਮਈ ਬੁੱਧਵਾਰ ਤਰਸਿੱਕਾ ਭਗਤਾਂ ਦਾ ਡੇਰਾ ਸ਼ਾਮ 6 ਤੋਂ 8 ਵਜੇ ਤੱਕ
23 ਮਈ ਵੀਰਵਾਰ ਤਾਹਰਪੁਰ ਸ਼ਾਮ 6 ਤੋਂ 8 ਵਜੇ ਤੱਕ
24 ਮਈ ਸ਼ੁੱਕਰਵਾਰ ਬਾਸਰਪੁਰ ਰਾਤ 8 ਤੋਂ 10 ਵਜੇ ਤੱਕ
25 ਮਈ ਸ਼ਨੀਵਾਰ ਖੱਬੇ ਰਾਜਪੂਤਾਂ ਸ਼ਾਮ 6 ਤੋਂ 8 ਵਜੇ ਤੱਕ
26 ਮਈ ਐਤਵਾਰ ਭੀਲੋਵਾਲ ਸ਼ਾਮ 6 ਤੋਂ 8 ਵਜੇ ਤੱਕ
27 ਮਈ ਸੋਮਵਾਰ ਜੇਠੂਵਾਲ ਸ਼ਾਮ 6 ਤੋਂ 8 ਵਜੇ ਤੱਕ
28 ਮਈ ਮੰਗਲਵਾਰ ਗੁ: ਰਾਮ ਥੰਮਣ ਸਾਹਿਬ ਮਨੇਸ਼ ਸ਼ਾਮ 6 ਤੋਂ 8 ਵਜੇ ਤੱਕ
29 ਮਈ ਬੁੱਧਵਾਰ ਮੈਹਣੀਆ ਕੁਹਾਰਾ ਸ਼ਾਮ 6 ਤੋਂ 8 ਵਜੇ ਤੱਕ
30 ਮਈ ਵੀਰਵਾਰ ਜਲਾਲ ਉਸਮਾ ਸ਼ਾਮ 6 ਤੋਂ 8 ਵਜੇ ਤੱਕ
31 ਮਈ ਸ਼ੁੱਕਰਵਾਰ ਮਹਿਤਾ ਚੌਂਕ ਸ਼ਾਮ 6 ਤੋਂ 8 ਵਜੇ ਤੱਕ
1-2-3-4-5 ਜੂਨ 2024 ਰੋਜ਼ਾਨਾ ਸ਼ਾਮ 4.00 ਤੋਂ 6.00 ਵਜੇ ਤੱਕ
ਸੰਗਤਾਂ ਨੂੰ ਬੇਨਤੀ ਹੈ ਕਿ 6 ਜੂਨ 2024, ਵੀਰਵਾਰ ਨੂੰ
ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਪਹੁੰਚੋ ਜੀ
ਪ੍ਰੋਫੈਸ਼ਨਲ ਕਾਲਜ ਆਫ ਗੁਰਮਤਿ ਦਮਦਮੀ ਟਕਸਾਲ ਵਿਖੇ
ਜਾਰੀ ਕਰਤਾ:
ਖਾਲਸਾ ਅਕੈਡਮੀ
ਨਰਸਰੀ ਤੋਂ +2 ਤੱਕ
ਖਾਲਸਾ ਪ੍ਰੀਮੀਅਮ ਸਕੂਲ
I.C.S.E. Board
Pre-Nur to 8th
ਖਾਲਸਾ ਹੋਸਟਲ
Fully A.C.
ਗੁਰਬਾਣੀ ਸਿੱਖਿਆ
ਖਾਲਸਾ
ਦਾਖ਼ਲਾ ਸ਼ੁਰੂ
99155-85685
ਸੰਪਰਕ: 99158-00904, 97793-10040, 98158-14158, 84376-91626




## ਬਾਦਲਕੇ ਪੰਥ ਅਤੇ ਪੰਜਾਬ ਦੇ ਵੱਡੇ ਗ਼ਦਾਰ ਹਨ - ਭਾਈ ਰਣਜੀਤ ਸਿੰਘ/ਭੁਪਿੰਦਰ ਸਿੰਘ

# ਹਲਕਾ ਖਡੂਰ ਸਾਹਿਬ ਤੋਂ ਸੀਟ ਛੱਡ ਕੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਸਮਰਥਨ ਦੇਣ ਵਾਲੇ ਮਾਨ ਦਲ ਦੇ ਉਮੀਦਵਾਰ ਭਾਈ ਹਰਪਾਲ ਸਿੰਘ ਬਲੇਰ ਦਾ ਫ਼ੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਸਨਮਾਨ

**ਅੰਮ੍ਰਿਤਸਰ, 29 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਅਸਾਮ ਦੀ ਡਿਬਰੂਗੜ੍ਹ ਜੇਲ੍ਹ ’ਚ ਨਜ਼ਰਬੰਦ ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਜੋ ਪੰਥਕ ਹਲਕਾ ਖਡੂਰ ਸਾਹਿਬ ਤੋਂ ਲੋਕ ਸਭਾ ਸੀਟ ਲੜਨ ਦਾ ਐਲਾਨ ਕਰ ਚੁੱਕੇ ਹਨ, ਜਿਸ ਦੇ ਮੱਦੇਨਜ਼ਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਅਤੇ ਖਡੂਰ ਸਾਹਿਬ ਹਲਕੇ ਤੋਂ ਪੰਥਕ ਉਮੀਦਵਾਰ ਭਾਈ ਹਰਪਾਲ ਸਿੰਘ ਬਲੇਰ ਨੇ ਆਪਣੀ ਸੀਟ ਛੱਡ ਕੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਸਮਰਥਨ ਦੇ ਦਿੱਤਾ ਹੈ। ਅੱਜ ਅੰਮ੍ਰਿਤਸਰ ਦੇ ਹਾਲ ਗੇਟ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਸ. ਤਰਸੇਮ ਸਿੰਘ, ਮਾਤਾ ਬਲਵਿੰਦਰ ਕੌਰ ਤੇ ਚਾਚਾ ਸੁਖਚੈਨ ਸਿੰਘ ਨੇ ਜਿੱਥੇ ਸਰਦਾਰ ਸਿਮਰਨਜੀਤ ਸਿੰਘ ਮਾਨ ਅਤੇ ਭਾਈ ਹਰਪਾਲ ਸਿੰਘ ਬਲੇਰ ਦਾ ਧੰਨਵਾਦ ਕੀਤਾ ਹੈ, ਓਥੇ ਹੀ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਭਰਪੂਰ ਸ਼ਲਾਘਾ ਕੀਤੀ ਹੈ ਅਤੇ ਭਾਈ ਅੰਮ੍ਰਿਤਪਾਲ ਸਿੰਘ ਲਈ ਸੀਟ ਛੱਡਣ ਵਾਲੇ ਭਾਈ ਹਰਪਾਲ ਸਿੰਘ ਬਲੇਰ ਨੂੰ ਸਨਮਾਨਿਤ ਕਰਦਿਆਂ ਧੰਨਵਾਦ ਵੀ ਕੀਤਾ ਹੈ। ਉਹਨਾਂ ਕਿਹਾ ਕਿ ਖ਼ਾਲਸਾ ਪੰਥ ਦੇ ਵਡੇਰੇ ਹਿੱਤਾਂ ਅਤੇ ਪੰਜਾਬ ਦੀ ਖੁਸ਼ਹਾਲੀ ਲਈ ਤੇ ਸਿੱਖ ਨੌਜਵਾਨਾਂ ਨੂੰ ਜੇਲ੍ਹਾਂ ’ਚੋਂ ਬਾਹਰ ਕਢਵਾਉਣ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਨੇ ਇਤਿਹਾਸਕ ਫੈਸਲਾ ਲਿਆ ਹੈ। ਉਹਨਾਂ ਕਿਹਾ ਕਿ ਇੱਕ ਪਾਸੇ ਬਾਦਲ ਦਲ ਦੇ ਆਗੂ ਜੋ ਪੰਥਕ ਬਣਨ ਦੇ ਡਰਾਮੇ ਕਰ ਰਹੇ ਸਨ, ਭਾਈ ਅੰਮ੍ਰਿਤਪਾਲ ਸਿੰਘ ਤੇ ਹੋਰਾਂ ਸਿੰਘਾਂ ਦੀ ਰਿਹਾਈ ਲਈ ਲੱਗੇ ਅੰਮ੍ਰਿਤਸਰ ਮੋਰਚੇ ਵਿੱਚ ਵੀ ਆਉਂਦੇ ਰਹੇ ਪਰ ਅੱਜ ਭਾਈ ਅੰਮ੍ਰਿਤਪਾਲ ਸਿੰਘ ਦੇ ਬਰਾਬਰ ਬਾਦਲਾਂ ਨੇ ਵਿਰਸਾ ਸਿੰਘ ਵਲਟੋਹਾ ਨੂੰ ਹਲਕਾ ਖਡੂਰ ਸਾਹਿਬ ਤੋਂ ਉਮੀਦਵਾਰ ਖੜ੍ਹਾ ਕਰ ਕੇ ਇੱਕ ਵਾਰ ਫਿਰ ਪੰਥ ਅਤੇ ਪੰਜਾਬ ਵਿਰੋਧੀ ਹੋਣ ਦਾ ਸਬੂਤ ਦੇ ਦਿੱਤਾ ਹੈ। ਉਹਨਾਂ ਕਿਹਾ ਕਿ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਵੀ ਬਾਦਲ ਦਲੀਆਂ ਨੇ ਹਰਾਉਣ ਲਈ ਪੂਰਾ ਜ਼ੋਰ ਲਾਇਆ ਸੀ ਜਦੋਂ ਉਹਨਾਂ ਦੇ ਮੁਕਾਬਲੇ ਖਡੂਰ ਸਾਹਿਬ ਤੋਂ ਬੀਬੀ ਜਗੀਰ ਕੌਰ ਨੂੰ ਖੜ੍ਹਾ ਕਰ ਦਿੱਤਾ ਗਿਆ ਸੀ। ਉਹਨਾਂ ਕਿਹਾ ਕਿ ਬਾਦਲਾਂ ਨੂੰ ਬੰਦੀ ਸਿੰਘਾਂ ਦੀ ਰਿਹਾਈ ਨਾਲ ਕੋਈ ਤਾਲੁਕਾਤ ਨਹੀਂ, ਇਹ ਤਾਂ ਸਿਰਫ ਆਪਣੀ ਸਿਆਸਤ ਚਮਕਾਉਂਦੇ ਹਨ। ਕਾਂਗਰਸ, ਭਾਜਪਾ ਤੇ ਝਾੜੂ ਪਾਰਟੀ ਵਾਂਗ ਬਾਦਲਕੇ ਵੀ ਪੰਥ ਅਤੇ ਪੰਜਾਬ ਦੇ ਹਿਤੈਸ਼ੀ ਨਹੀਂ। ਵਿਰਸਾ ਸਿੰਘ ਵਲਟੋਹਾ ਦੀਆਂ ਗੱਦਾਰੀਆਂ ਦਾ ਚਿੱਠਾ ਬਹੁਤ ਲੰਬਾ ਹੈ। ਅੱਜ ਦੀ ਪ੍ਰੈਸ ਕਾਨਫਰੰਸ ਵਿੱਚ ਅੰਮ੍ਰਿਤਸਰ ਤੋਂ ਉਮੀਦਵਾਰ ਸਰਦਾਰ ਇਮਾਨ ਸਿੰਘ ਮਾਨ (ਸਪੁੱਤਰ ਸਿਮਰਨਜੀਤ ਸਿੰਘ ਮਾਨ), ਜਨਰਲ ਸਕੱਤਰ ਭਾਈ ਉਪਕਾਰ ਸਿੰਘ ਸੰਧੂ, ਭਾਈ ਅਮਰੀਕ ਸਿੰਘ ਨੰਗਲ, ਭਾਈ ਜਤਿੰਦਰ ਸਿੰਘ ਥਿੰਦ ਆਦਿ ਨੇ ਵੀ ਸੰਬੋਧਨ ਕੀਤਾ। ਫੈਡਰੇਸ਼ਨ ਆਗੂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਮੂਹ ਉਮੀਦਵਾਰਾਂ ਨੂੰ ਖਾਲਸਾ ਪੰਥ ਅਤੇ ਪੰਜਾਬ ਵਾਸੀ ਵੋਟਾਂ ਪਾ ਕੇ ਕਾਮਯਾਬ ਕਰਨ। ਫੈਡਰੇਸ਼ਨ ਭਿੰਡਰਾਂਵਾਲਾ ਨੇ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ, ਅੰਮ੍ਰਿਤਸਰ ਤੋਂ ਇਮਾਨ ਸਿੰਘ ਮਾਨ, ਖਡੂਰ ਸਾਹਿਬ ਤੋਂ ਭਾਈ ਅੰਮ੍ਰਿਤਪਾਲ ਸਿੰਘ, ਗੁਰਦਾਸਪੁਰ ਤੋਂ ਭਾਈ ਗੁਰਿੰਦਰ ਸਿੰਘ ਬਾਜਵਾ, ਬਠਿੰਡਾ ਤੋਂ ਲਖਬੀਰ ਸਿੰਘ ਲੱਖਾ ਸਿਧਾਣਾ, ਪਟਿਆਲਾ ਤੋਂ ਪ੍ਰੋਫੈਸਰ ਮਹਿੰਦਰ ਪਾਲ ਸਿੰਘ ਤੇ ਹੋਰ ਪੰਥਕ ਉਮੀਦਵਾਰਾਂ ਦੀ ਹਮਾਇਤ ਕੀਤੀ।



ਆਵਾਜ਼ਿ ਕੌਮ AWAZE QAUM International Newspaper & WEB TV

# ਅੰਮ੍ਰਿਤਸਰ ਤੋਂ ਪੰਥਕ ਉਮੀਦਵਾਰ ਸਰਦਾਰ ਈਮਾਨ ਸਿੰਘ ਮਾਨ ਅਤੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਗੁਰਮਤਿ ਸਮਾਗਮ ’ਚ ਭਰੀ ਹਾਜ਼ਰੀ



**ਅੰਮ੍ਰਿਤਸਰ, 29 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਸ. ਈਮਾਨ ਸਿੰਘ ਮਾਨ ਨੇ ਸ਼ਹੀਦ ਊਧਮ ਸਿੰਘ ਨਗਰ ਵਿਖੇ ਖ਼ਾਲਸਾ ਪੰਥ ਦੇ ਪ੍ਰਗਟ ਦਿਹਾੜੇ ਨੂੰ ਸਮਰਪਿਤ ਕਰਵਾਏ ਗਏ ਸਲਾਨਾ ਮਹਾਨ ਗੁਰਮਤਿ ਸਮਾਗਮ ਵਿੱਚ ਹਾਜ਼ਰੀ ਭਰੀ ਅਤੇ ਸੰਗਤਾਂ ਦੇ ਨਾਲ ਬੈਠ ਕੇ ਕੀਰਤਨ ਸ੍ਰਵਣ ਕਰਕੇ ਅਨੰਦ ਮਾਣਿਆ। ਇਸ ਸਮੇਂ ਸ. ਈਮਾਨ ਸਿੰਘ ਮਾਨ ਦੇ ਨਾਲ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਸ. ਰਾਜਵਿੰਦਰ ਸਿੰਘ ਹਲਕਾ ਇੰਚਾਰਜ ਦੱਖਣੀ ਅੰਮ੍ਰਿਤਸਰ, ਸ. ਸ਼ਮਸ਼ੇਰ ਸਿੰਘ ਪੱਧਰੀ ਜਿਲਾ ਪ੍ਰੈਸ ਸਕੱਤਰ, ਸ. ਰਵੀਸ਼ੇਰ ਸਿੰਘ ਯੂਥ ਆਗੂ, ਸ. ਸਿਮਰਨਜੀਤ ਸਿੰਘ, ਸ. ਹਰਸਿਮਰਨਜੀਤ ਸਿੰਘ, ਸ. ਸੁਖਦੇਵ ਸਿੰਘ ਜੀ ਚੱਕੀ ਵਾਲੇ, ਸ. ਅਨਮੋਲਦੀਪ ਸਿੰਘ, ਸ. ਜਸਪ੍ਰੀਤ ਸਿੰਘ ਜੋਨੀ, ਸ. ਇੰਦਰਜੀਤ ਸਿੰਘ ਮਠਾਰੂ ਅਤੇ ਦਿਲਪ੍ਰੀਤ ਸਿੰਘ ਖਾਲਸਾ ਵੀ ਹਾਜਰ ਸਨ ਅਤੇ ਕਮੇਟੀ ਮੈਂਬਰਾਂ ਵੱਲੋਂ ਸ. ਈਮਾਨ ਸਿੰਘ ਮਾਨ ਅਤੇ ਭਾਈ ਰਣਜੀਤ ਸਿੰਘ ਜੀ ਦਮਦਮੀ ਟਕਸਾਲ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਉਪਰੰਤ ਸ੍ਰ ਈਮਾਨ ਸਿੰਘ ਮਾਨ ਪਾਰਟੀ ਦੇ ਵਾਰਡ ਨੰਬਰ 43 ਤੋਂ ਇੰਚਾਰਜ ਸ੍ਰ ਹਰਸਿਮਰਨਜੀਤ ਸਿੰਘ ਅਤੇ ਪੁਰਾਣੇ ਪਾਰਟੀ ਵਰਕਰ ਸ੍ਰ ਬਲਵਿੰਦਰ ਸਿੰਘ ਕਾਲਾ ਦੇ ਗ੍ਰਹਿ ਵਿਖੇ ਵੀ ਗਏ ਅਤੇ ਉਥੇ ਵੀ ਪਾਰਟੀ ਅਹੁਦੇਦਾਰਾਂ ਅਤੇ ਗਲੀ ਨੰਬਰ 3 ਦੇ ਨਿਵਾਸੀਆਂ ਵੱਲੋਂ ਸ੍ਰ ਈਮਾਨ ਸਿੰਘ ਮਾਨ ਦਾ ਨਿੱਘਾ ਸਵਾਗਤ ਕਰਦਿਆਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਨਾਲ ਹੀ ਵਿਸ਼ਵਾਸ ਦਿਵਾਇਆ ਕਿ ਇਸ ਵਾਰ ਸਮੂਹ ਇਲਾਕਾ ਨਿਵਾਸੀ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਹੱਕ ਵਿੱਚ ਆਪਣਾ ਫਤਵਾ ਦੇਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

### ਦਿੱਲੀ ਫਤਿਹ ਦਿਵਸ “ਖਾਲਸਾ ਜਰਨੈਲੀ ਮਾਰਚ” ਵਿੱਚ

# ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਖਾਲਸਾ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੇ ਹੋਰ ਪੰਥਕ ਸ਼ਖਸੀਅਤਾਂ ਨੇ ਭਰੀਆਂ ਹਾਜ਼ਰੀਆਂ












**ਦਿੱਲੀ, 29 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਫਤਿਹ ਦਿਵਸ “ਖਾਲਸਾ ਜਰਨੈਲੀ ਮਾਰਚ” ਵਿੱਚ ਨਿਹੰਗ ਸਿੰਘ ਫੌਜਾਂ ਨਾਲ ਹਾਜਰੀ ਭਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਜਥੇਦਾਰ ਬਾਬਾ ਬਲਬੀਰ ਸਿੰਘ ਜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96 ਕਰੋੜੀ,ਜਥੇਦਾਰ ਬਾਬਾ ਜੋਗਾ ਸਿੰਘ ਜੀ ਮੁਖੀ ਤਰਨਾ ਦਲ ਬਾਬਾ ਬਕਾਲਾ,ਜਥੇਦਾਰ ਬਾਬਾ ਅਵਤਾਰ ਸਿੰਘ ਸੁਰਸਿੰਘੀਏ ਮੁਖੀ ਦਲ ਬਾਬਾ ਬਿਧੀ ਚੰਦ ਜੀ,ਜਥੇਦਾਰ ਬਾਬਾ ਨਾਗਰ ਸਿੰਘ ਤਰਨਾ ਦਲ ਹਰੀਆਂ ਵੇਲਾ,ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸਮੇਸ਼ ਤਰਨਾ ਦਲ,ਸਰਦਾਰ ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸੰਤ ਬਾਬਾ ਮਨਮੋਹਨ ਸਿੰਘ ਬਾਰਨ,ਜਥੇਦਾਰ ਬਾਬਾ ਸੁਖਦੇਵ ਸਿੰਘ ਦਮਦਮੀ ਟਕਸਾਲ,ਭਾਈ ਜਸਬੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ,ਸੰਤ ਜੋਗਾ ਸਿੰਘ ਕਰਨਾਲ,ਸਰਦਾਰ ਸੁਖਵਿੰਦਰ ਸਿੰਘ ਮੰਡੇਬਰ ਜਰਨਲ ਸਕੱਤਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸਰਦਾਰ ਤਜਿੰਦਰਪਾਲ ਸਿੰਘ ਨਾਰਨੌਲ ਅੰਤ੍ਰਿੰਗ ਮੈਂਬਰ ਅਤੇ ਹੋਰ ਪੰਥਕ ਆਗੂ ਸਾਹਿਬਾਨ ਪੰਥ ਖਾਲਸਾ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਦਿੱਲੀ ਫਤਿਹ ਦਿਵਸ "ਖਾਲਸਾ ਜਰਨੈਲੀ ਮਾਰਚ" ਵਿੱਚ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਖਾਲਸਾ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੇ ਹੋਰ ਪੰਥਕ ਸ਼ਖਸੀਅਤਾਂ ਨੇ ਭਰੀਆਂ ਹਾਜ਼ਰੀਆਂ

# ਪੰਥਕ ਚੁਣੌਤੀਆਂ ਨਾਲ ਨਿਪਟਣ ਲਈ ਸਮੂਹ ਸਿੱਖ ਜਥੇਬੰਦੀਆਂ ਇਕਮੁੱਠ ਹੋਣ : ਸਿੰਘ ਸਾਹਿਬ ਭਾਈ ਰੋਡੇ























ਆਵਾਜ਼ਿ ਕੌਮ AWAZE QAUM International Newspaper & WEB TV






ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਪਿੰਡ ਭਾਗੀਵਾਂਦਰ ਵਿਖੇ ਸਵੀਪ ਟੀਮ ਵੱਲੋਂ

# ਵੋਟਰ ਜਾਗਰੂਕਤਾ ਕੈਂਪ ਆਯੋਜਿਤ




ਤਲਵੰਡੀ ਸਾਬੋ, 29 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਸ.ਜਸਪ੍ਰੀਤ ਸਿੰਘ ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੋਣਕਾਰ ਰਜਿਸਟਰੇਸ਼ਨ ਅਫਸਰ 094 ਤਲਵੰਡੀ ਸਾਬੋ ਸ. ਹਰਜਿੰਦਰ ਸਿੰਘ ਜੱਸਲ ਦੀ ਅਗਵਾਈ ਹੇਠ ਸਵੀਪ ਟੀਮ ਤਲਵੰਡੀ ਸਾਬੋ ਵੱਲੋਂ ਚਲਾਈ ਜਾ ਰਹੀ ਵੋਟਰ ਜਾਗਰੂਕਤਾ ਮੁਹਿੰਮ ਤਹਿਤ ਪਿੰਡਾਂ, ਸ਼ਹਿਰਾਂ, ਵਿਦਿਅਕ ਅਦਾਰਿਆਂ ਅਤੇ ਕੋਚਿੰਗ ਸੈਂਟਰਾਂ ਵਿੱਚ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਨ੍ਹਾਂ ਕੈਂਪਾਂ ਦੌਰਾਨ ਸਵੀਪ ਟੀਮ ਵਲੋਂ ਲੋਕਾਂ ਨੂੰ ਬਿਨਾਂ ਕਿਸੇ ਡਰ, ਲਾਲਚ ਅਤੇ ਦਬਾਅ ਤੋਂ ਲਗਾਤਾਰ ਵੱਧ ਤੋਂ ਵੱਧ ਵੋਟਾਂ ਪਾਉਣ ਤੇ ਪਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਵੋਟ ਬਣਾਉਣ ਦੇ ਤਰੀਕਿਆਂ ਸਬੰਧੀ ਵਿਸ਼ੇਸ਼ ਪੈਂਫਲਿਟ ਛਪਵਾ ਕੇ ਆਮ ਲੋਕਾਂ ਵਿੱਚ ਲਗਾਤਾਰ ਵੰਡੇ ਜਾ ਰਹੇ ਹਨ। ਇਸ ਦੌਰਾਨ ਸਵੀਪ ਨੋਡਲ ਅਫਸਰ ਤਲਵੰਡੀ ਸਾਬੋ ਸ਼੍ਰੀ ਚੰਦਰ ਸ਼ੇਖਰ ਵੱਲੋਂ ਪਿੰਡ ਭਾਗੀਵਾਂਦਰ ਵਿਖੇ ਬੂਥ ਲੈਵਲ ਅਫ਼ਸਰਾਂ ਦੀ ਮਦਦ ਨਾਲ ਵੋਟਰ ਹੈਲਪਲਾਈਨ ਐਪ ਤੇ ਪੰਜੀਕਰਨ ਹੋਣ ਦੇ ਨੁਕਤੇ ਸਾਂਝੇ ਕੀਤੇ ਗਏ। ਪਿੰਡਾਂ ਦੀਆਂ ਸੱਥਾਂ, ਚੌਰਾਹਿਆਂ ਤੇ ਹੋਰ ਸਾਂਝੀਆਂ ਥਾਵਾਂ ਤੇ ਆਮ ਪਬਲਿਕ ਨੂੰ ਵੱਧ ਚੜ੍ਹ ਕੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਪੂਰੀ ਸਮਝ ਨਾਲ ਈ ਵੀ ਐਮ ਅਤੇ ਵੀਵੀਪੈਟ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਟੀਮ ਮੈਂਬਰਾ ਲਖਵੀਰ ਸਿੰਘ, ਅਮਨਜੋਤ ਕੌਰ, ਗੁਰਪ੍ਰੀਤ ਕੌਰ, ਰਣਜੀਤ ਸਿੰਘ ਅਤੇ ਵਿਸ਼ਵਦੀਪ ਸਿੰਘ ਆਦਿ ਹਾਜ਼ਰ ਰਹੇ।

ਮਹਾਰਾਜਾ ਜਸਾ ਸਿੰਘ ਰਾਮਗੜ੍ਹੀਆ ਦੀ ਸ਼ਤਾਬਦੀ ਨੂੰ ਸਮਰਪਿਤ

# ਸਮਾਪਨ ਸਮਾਰੋਹ ਪ੍ਰੋਗਰਾਮ ਕਰਵਾਇਆ ਗਿਆ




ਨਵੀਂ ਦਿੱਲੀ 29 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ): ਸਿੱਖ ਬੰਧੂ ਵੈਲਫ਼ੇਰ ਟ੍ਰਸਟ ਅਤੇ ਆਲ ਇੰਡੀਆ ਰਾਮਗੜ੍ਹੀਆ ਵਿਸ਼ਵਕਰਮਾ ਫੈਡਰੇਸ਼ਨ ਵਲੋਂ ਬੀਤੇ ਦਿਨੀ ਰਿਟਜ਼ ਬੇਂਕੁਏਟ ਹਾਲ ਅੰਦਰ ਬੀਬੀ ਰਣਜੀਤ ਕੌਰ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੀ ਮਹਿਲਾ ਵਿੰਗ ਦੇ ਮੁਖ ਸੇਵਾਦਾਰ ਵਲੋਂ ਦਿਤੇ ਗਏ ਵੱਡਮੁਲੇ ਸਹਿਯੋਗ ਨਾਲ ਮਹਾਰਾਜਾ ਜਸਾ ਸਿੰਘ ਰਾਮਗੜ੍ਹੀਆ ਦੀ ਸ਼ਤਾਬਦੀ ਨੂੰ ਸਮਰਪਿਤ ਸਮਾਪਣ ਸਮਾਰੋਹ ਪ੍ਰੋਗਰਾਮ ਕਰਵਾਇਆ ਗਿਆ । ਇਸ ਪ੍ਰੋਗਰਾਮ ਅੰਦਰ ਸਰਦਾਰ ਪਰਮਜੀਤ ਸਿੰਘ ਸਰਨਾ, ਹੀਰਾ ਸਿੰਘ ਗਾਬੜੀਆ, ਅਮਰਜੀਤ ਸਿੰਘ ਚਾਵਲਾ, ਰਜਿੰਦਰ ਸਿੰਘ ਮਹਿਤਾ, ਬਲਵਿੰਦਰ ਸਿੰਘ ਭੂੰਦੜ, ਹਰਮਨਜੀਤ ਸਿੰਘ, ਬਾਬਾ ਕਸ਼ਮੀਰਾ ਸਿੰਘ ਕਾਰ ਸੇਵਾ ਭੂਰੀ ਵਾਲੇਆਂ ਅਤੇ ਹੋਰ ਬਹੁਤ ਸਾਰੇ ਸਜਣਾ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ ਸੀ। ਇਸ ਮੌਕੇ ਸਿੱਖ ਬੰਧੂ ਵੈਲਫ਼ੇਰ ਟ੍ਰਸਟ ਅਤੇ ਰਾਮਗੜ੍ਹੀਆ ਫੈਡਰੇਸ਼ਨ ਦੇ ਪ੍ਰਧਾਨ ਸਰਦਾਰ ਸੁਖਦੇਵ ਸਿੰਘ ਰਿਐਤ ਨੇ ਮਹਾਰਾਜਾ ਜੱਸਾ ਸਿੰਘ ਬਾਰੇ ਜਾਣਕਾਰੀ ਦਿਤੀ ਤੇ ਦਸਿਆ ਕਿ ਬੀਤੇ ਸਾਲ 16 ਅਪ੍ਰੈਲ ਨੂੰ ਦਿੱਲੀ ਤੋਂ ਇਕ ਵੱਡੇ ਨਗਰ ਕੀਰਤਨ ਰਾਹੀਂ ਇਸ ਸ਼ਤਾਬਦੀ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ ਸੀ । ਨਗਰ ਕੀਰਤਨ ਦਿੱਲੀ ਤੋਂ ਚਲ ਕੇ ਵੱਖ ਵੱਖ ਸ਼ਹਿਰਾਂ ਵਿੱਚੋਂ ਹੁੰਦਾ ਹੋਇਆ 19 ਅਪ੍ਰੈਲ ਨੂੰ ਦਰਬਾਰ ਸਾਹਿਬ ਵਿਖੇ ਸਮਾਪਤ ਹੋਇਆ ਸੀ ਉਪਰੰਤ ਪੂਰਾ ਸਾਲ ਸ਼ਤਾਬਦੀ ਸਮਾਰੋਹ ਚਲਦੇ ਰਹੇ ਸਨ ਜਿਸਦੀ ਅਜ ਸਮਾਪਤੀ ਹੋਈ ਹੈ।

ਬੁਲਾਰਿਆ ਨੇ ਜਿਥੇ ਮਹਾਰਾਜਾ ਜੱਸਾ ਸਿੰਘ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਦਸਿਆ ਕਿ ਕਿਸ ਤਰ੍ਹਾਂ ਮਹਾਰਾਜਾ ਜੱਸਾ ਸਿੰਘ ਨੇ ਦਿੱਲੀ ਨੂੰ ਜਿੱਤਣ ਲਈ ਦਿੱਲੀ ਉਪਰ ਬਾਰ ਬਾਰ ਹਮਲੇ ਕੀਤੇ ਤੇ ਦਿੱਲੀ ਨੂੰ ਜਿੱਤ ਕੇ ਸਾਹ ਲਿਆ ਸੀ ਓਥੇ ਉਨ੍ਹਾਂ ਵਲੋਂ ਦਿੱਲੀ ਗੁਰਦੁਆਰਾ ਕਮੇਟੀ ਦੇ 7 ਮੈਂਬਰ ਜੋ ਕਿ ਗੁਰਦੁਆਰਾ ਕਮੇਟੀ ਦੇ ਅਹੁਦੇ ਤੋਂ ਬਿਨਾਂ ਆਪਣਾਂ ਇਸਤੀਫ਼ਾ ਦਿਤੀਆਂ ਭਾਜਪਾ ਵਿਚ ਸ਼ਾਮਿਲ ਹੋਏ ਹਨ ਉਨ੍ਹਾਂ ਉਪਰ ਤਿੱਖੇ ਬਾਣ ਛੱਡੇ ਗਏ ਅਤੇ ਸਿਰਫ ਰਾਜਨੀਤਿਕ ਕੁਰਸੀਆਂ ਤਕ ਪਹੁੰਚਣ ਲਈ ਗੁਰਦੁਆਰਾ ਸਾਹਿਬ ਦੇ ਚੋਣਾਂ ਨੂੰ ਅਧਾਰ ਬਣਾ ਕੇ ਸੰਗਤ ਅਤੇ ਪੰਥ ਦੀ ਸੇਵਾ ਭਾਵਨਾਵਾਂ ਨਾਲ ਖਿਲਵਾੜ ਕਰਣ ਦੇ ਦੋਸ਼ ਲਗਾਏ ਗਏ ਸਨ ।

ਸਟੇਜ ਸਕੱਤਰ ਬੀਬੀ ਰਣਜੀਤ ਕੌਰ ਨੇ ਟ੍ਰਸਟ ਅਤੇ ਫੈਡਰੇਸ਼ਨ ਵਲੋਂ ਕੀਤੇ ਜਾਂਦੇ ਸਮਾਜਿਕ ਅਤੇ ਧਾਰਮਿਕ ਕੰਮਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿਤੀ ਤੇ ਨਾਲ ਹੀ ਦਸਿਆ ਕਿ ਇਨ੍ਹਾਂ ਸੰਸਥਾਵਾਂ ਵਲੋਂ ਜਰੂਰਤਮੰਦ ਪਰਿਵਾਰਾਂ ਦੇ ਬੱਚਿਆਂ ਦੀਆਂ ਸਕੂਲ ਫੀਸਾਂ ਅਤੇ ਹੋਰ ਕਈ ਪ੍ਰਕਾਰ ਦੀਆਂ ਮਦਦ ਕੀਤੀਆਂ ਜਾ ਰਹੀਆਂ ਹਨ।

ਅੰਤ ਵਿਚ ਉਨ੍ਹਾਂ ਵਲੋਂ ਪ੍ਰੋਗਰਾਮ ਅੰਦਰ ਸ਼ਾਮਿਲ ਹੋਏ ਸਮੂਹ ਵੀਰਾ ਭੈਣਾਂ ਅਤੇ ਬਜ਼ੁਰਗਾਂ ਦਾ ਧੰਨਵਾਦ ਕਰਣ ਦੇ ਨਾਲ ਸਭ ਨੂੰ ਮਹਾਰਾਜਾ ਜੱਸਾ ਸਿੰਘ ਦੀ ਯਾਦਗਾਰੀ ਫੋਟੋ ਸਨਮਾਨ ਪੱਤਰ ਅਤੇ ਸ਼ਾਲ ਭੇਟ ਕੀਤੀਆਂ ਗਈਆਂ ।

# ਉੱਡਣ ਦਸਤਾ ਟੀਮਾਂ ਵੱਲੋਂ ਵਾਹਨਾਂ ਦੀ ਲਗਾਤਾਰ ਚੈਕਿੰਗ ਜਾਰੀ



ਤਲਵੰਡੀ ਸਾਬੋ, 29 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਜ਼ਿਲ੍ਹਾ ਚੋਣ ਅਫ਼ਸਰ ਸ. ਜਸਪ੍ਰੀਤ ਸਿੰਘ ਦੇ ਦਿਸਾ-ਨਿਰਦੇਸ਼ਾਂ ਅਨੁਸਾਰ ਉੱਡਣ ਦਸਤੇ (ਐਫ.ਐਸ.ਟੀ.) ਟੀਮ ਤਲਵੰਡੀ ਸਾਬੋ ਵੱਲੋਂ ਪੰਜਾਬ-ਹਰਿਆਣਾ ਦੇ ਇੰਟਰ ਸਟੇਟ ਬਾਰਡਰ ਉਪਰ ਨਾਕੇ ਲਗਾ ਕੇ ਹਰ ਤਰ੍ਹਾਂ ਦੇ ਵਹੀਕਲਾਂ ਦੀ ਚੈੱਕਿੰਗ ਕੀਤੀ ਗਈ। ਇਸ ਦੌਰਾਨ ਚੋਣਕਾਰ ਰਜਿਸਟਰੇਸ਼ਨ ਅਫਸਰ 094 ਤਲਵੰਡੀ ਸਾਬੋ ਸ. ਹਰਜਿੰਦਰ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਗਠਿਤ ਕੀਤੀਆਂ ਟੀਮਾਂ ਵਲੋਂ 24 ਘੰਟੇ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀਆਂ ਗੈਰ ਕਾਨੂੰਨੀ ਵਸਤੂਆਂ ਨੂੰ ਜ਼ਬਤ ਕੀਤਾ ਜਾ ਸਕੇ। ਇਸ ਮੌਕੇ ਸ. ਹਰਜਿੰਦਰ ਸਿੰਘ ਜੱਸਲ ਨੇ ਕਿਹਾ ਕਿ ਉਹ ਲੋਕਾਂ ਦਾ ਲੋਕਤੰਤਰ ਵਿੱਚ ਵਿਸ਼ਵਾਸ਼ ਬਣਾਈ ਰੱਖਣ ਦੇ ਮੱਦੇਨਜ਼ਰ ਉੱਡਣ ਦਸਤੇ ਟੀਮਾਂ ਵੱਲੋਂ ਨਿਰੰਤਰ ਉਪਰਾਲੇ ਜਾਰੀ ਰਹਿਣਗੇ। ਇਸ ਮੌਕੇ ਐਫ.ਐਸ.ਟੀ. ਟੀਮ ਦੇ ਅਧਿਕਾਰੀ ਤੇ ਉਨ੍ਹਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।

# ਪੰਜਾਹ ਹਜ਼ਾਰ ਦੀ ਰਿਸ਼ਵਤ ਲੈਣ ਵਾਲੇ ਐਸ.ਐਮ.ਓ ਕੰਵਲਜੀਤ ਦੀ ਜ਼ਮਾਨਤ ਰੱਦ

**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 29 ਅਪ੍ਰੈਲ ਕੁਲਜੀਤ ਸਿੰਘ ਖੋਖਰ** -ਵਿਜੀਲੈਂਸ ਵੱਲੋਂ ਕੰਟੀਨ ਨਾਲ ਸਬੰਧਤ ਠੇਕੇਦਾਰ ਕੋਲੋ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤੇ ਗਏ ਜ਼ਿਲ੍ਹਾ ਪੱਧਰੀ ਸਿਵਲ ਹਸਪਤਾਲ ਦੇ ਐਸ.ਐਮ.ਓ ਡਾ.ਕੰਵਲਜੀਤ ਸਿੰਘ ਦੀ ਜ਼ਮਾਨਤ ਪਟੀਸ਼ਨ ਸੋਮਵਾਰ ਨੂੰ ਰੱਦ ਕਰ ਦਿੱਤੀ ਗਈ। ਕੰਵਲਜੀਤ ਸਿੰਘ ਨੂੰ ਵਿਜੀਲੈਂਸ ਟੀਮ ਨੇ 3 ਅਪ੍ਰੈਲ ਦੀ ਦੁਪਹਿਰ ਨੂੰ ਰੰਗੇ ਹੱਥੀਂ ਕਾਬੂ ਕੀਤਾ ਸੀ। ਐਸ.ਐਮ.ਓ ਕੰਵਲਜੀਤ ਸਿੰਘ ਨੂੰ ਵਿਜੀਲੈਂਸ ਇੰਸਪੈਕਟਰ ਸ਼ਰਨਜੀਤ ਸਿੰਘ ਦੀ ਅਗਵਾਈ ਵਿੱਚ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਉਨ੍ਹਾਂ ਦੇ ਦਫ਼ਤਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਐਸਐਮਓ ਕੰਵਲਜੀਤ ਸਿੰਘ ਵੱਲੋਂ ਸਿਵਲ ਹਸਪਤਾਲ ਨਾਲ ਸਬੰਧਤ ਕੰਟੀਨ ਤੋਂ ਤਿਆਰ ਖਾਣੇ ਦੀ ਗੁਣਵੱਤਾ 'ਤੇ ਸਵਾਲ ਉਠਾਉਂਦੇ ਹੋਏ ਠੇਕੇਦਾਰ ਨੂੰ ਤੰਗ ਪ੍ਰੇਸ਼ਾਨ ਕੀਤਾ ਗਿਆ। ਉਸ ਨੇ ਕਈ ਵਾਰ ਠੇਕੇਦਾਰ ਤੋਂ ਨਕਦੀ ਵੀ ਲਈ, ਪਰ ਉਸ ਦਾ ਲਾਲਚ ਵਧਦਾ ਰਿਹਾ। 3 ਅਪ੍ਰੈਲ ਨੂੰ ਵਿਜੀਲੈਂਸ ਨੇ ਕੰਵਲਜੀਤ ਸਿੰਘ ਨੂੰ 50,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਸੀ। ਕੰਵਲਜੀਤ ਸਿੰਘ ਨੇ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ। ਅੰਮ੍ਰਿਤਸਰ ਜੇਲ੍ਹ ਵਿੱਚ ਬੰਦ ਐਸਐਮਓ ਦੀ ਪਟੀਸ਼ਨ 'ਤੇ ਪਹਿਲੀ ਸੁਣਵਾਈ 24 ਅਪਰੈਲ ਨੂੰ ਹੋਈ ਸੀ। ਐਡੀਸ਼ਨਲ ਸੈਸ਼ਨ ਜੱਜ ਰਾਕੇਸ਼ ਸ਼ਰਮਾ ਦੀ ਅਦਾਲਤ ਨੇ ਵਿਜੀਲੈਂਸ ਪਾਸੋ ਵਿਸਥਾਰਤ ਰਿਪੋਰਟ ਮੰਗੀ ਹੈ। ਵਿਜੀਲੈਂਸ ਨੇ ਰਿਪੋਰਟ ਤਿਆਰ ਕਰਕੇ ਵਧੀਕ ਜੱਜ ਦੀ ਅਦਾਲਤ ਵਿੱਚ ਪੇਸ਼ ਕੀਤੀ। ਉਕਤ ਰਿਪੋਰਟ ਤੋਂ ਬਾਅਦ ਸੋਮਵਾਰ ਨੂੰ ਅਦਾਲਤ 'ਚ ਪਟੀਸ਼ਨ 'ਤੇ ਸੁਣਵਾਈ ਹੋਈ, ਜਿਸ ਦੌਰਾਨ ਸ਼ਿਕਾਇਤਕਰਤਾ ਧਰਮਵੀਰ ਸਿੰਘ ਵੱਲੋਂ ਐਡਵੋਕੇਟ ਮਨਮੋਹਨ ਸਿੰਘ ਠੁਕਰਾਲ ਵੀ ਪੇਸ਼ ਹੋਏ, ਜਦੋਂਕਿ ਸਰਕਾਰੀ ਵਕੀਲ ਵਜੋਂ ਰਾਕੇਸ਼ ਕੁਮਾਰ ਸ਼ਰਮਾ ਨੇ ਸਰਕਾਰ ਦੀ ਤਰਫ਼ੋਂ ਕੇਸ ਪੇਸ਼ ਕੀਤਾ। ਐਡੀਸ਼ਨਲ ਸੈਸ਼ਨ ਜੱਜ ਰਾਕੇਸ਼ ਸ਼ਰਮਾ ਨੇ ਸ਼ਾਮ ਨੂੰ ਐਸ.ਐਮ.ਓ ਦੀ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ।

# ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਵਿਸ਼ੇਸ਼ ਸਾਰੰਗਲ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਦੇ ਸਿਵਲ ਤੇ ਪੁਲਿਸ ਅਧਿਕਾਰੀਆਂ ਨਾਲ ਸਾਂਝੀ ਮੀਟਿੰਗ

## ☛ ਪੂਰੀ ਤਰ੍ਹਾਂ ਨਿਰਪੱਖ, ਸ਼ਾਂਤਮਈ ਅਤੇ ਆਜ਼ਾਦਾਨਾ ਮਹੌਲ ਵਿੱਚ ਸਮੁੱਚੇ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਦੀਆਂ ਹਦਾਇਤਾਂ ਦਿੱਤੀਆਂ




**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 29 ਅਪ੍ਰੈਲ (ਕੁਲਜੀਤ ਸਿੰਘ ਖੋਖਰ)**- ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਵਿਸ਼ੇਸ਼ ਸਾਰੰਗਲ ਵੱਲੋਂ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਦੇ ਸਿਵਲ ਤੇ ਪੁਲਿਸ ਅਧਿਕਾਰੀਆਂ ਨਾਲ ਇੱਕ ਸਾਂਝੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਪਠਾਨਕੋਟ ਸ੍ਰੀ ਅਦਿੱਤਿਆ ਉੱਪਲ, ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਹਰੀਸ਼ ਦਾਯਮਾ, ਐੱਸ.ਐੱਸ.ਪੀ. ਬਟਾਲਾ ਮੈਡਮ ਅਸ਼ਵਨੀ ਗੋਟਿਆਲ, ਸ. ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ) ਪਠਾਨਕੋਟ, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਸ੍ਰੀ ਸੁਭਾਸ਼ ਚੰਦਰ, ਐੱਸ.ਪੀ. ਪਠਾਨਕੋਟ ਸ. ਗੁਰਬਾਜ਼ ਸਿੰਘ ਤੋਂ ਇਲਾਵਾ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਸਮੂਹ ਏ.ਆਰ.ਓਜ਼ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਵਿਸ਼ੇਸ਼ ਸਾਰੰਗਲ ਨੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਲੋਕ ਸਭਾ ਹਲਕਾ ਗੁਰਦਾਸਪੁਰ ਵਿੱਚ ਪੂਰੀ ਤਰ੍ਹਾਂ ਨਿਰਪੱਖ, ਸ਼ਾਂਤਮਈ ਅਤੇ ਆਜ਼ਾਦਾਨਾ ਮਹੌਲ ਵਿੱਚ ਸਮੁੱਚੇ ਚੋਣ ਅਮਲ ਨੂੰ ਨੇਪਰੇ ਚਾੜ੍ਹਨ। ਮੀਟਿੰਗ ਦੌਰਾਨ ਚੋਣਾਂ ਦੇ ਨੋਟੀਫ਼ਿਕੇਸ਼ਨ ਸਬੰਧੀ ਇੰਤਜ਼ਾਮ, ਨਾਮੀਨੇਸ਼ਨ ਦੌਰਾਨ ਸੁਰੱਖਿਆ ਦੇ ਪ੍ਰਬੰਧਾਂ, ਨਵੀਆਂ ਬਣੀਆਂ ਵੋਟਾਂ ਦੇ ਵੋਟਰ ਸ਼ਨਾਖ਼ਤੀ ਕਾਰਡਾਂ ਦੀ ਵੰਡ, ਪੋਲਿੰਗ ਸਟੇਸ਼ਨਾਂ ਦੀ ਤਿਆਰੀ, ਈ.ਵੀ.ਐੱਮ. ਮਸ਼ੀਨਾਂ ਦੀ ਰੈਨਡੋਮਾਈਜ਼ੇਸ਼ਨ, ਪੋਲਿੰਗ ਸਟਾਫ਼ ਦੀ ਰੈਨਡੋਮਾਈਜ਼ੇਸ਼ਨ ਅਤੇ ਸਿਖਲਾਈ, ਸੀਨੀਅਰ ਸਿਟੀਜ਼ਨ ਅਤੇ ਦਿਵਿਆਂਗ ਵੋਟਰਾਂ ਲਈ ਪੋਸਟਲ ਬੈਲਟ ਪੇਪਰ, ਕਾਊਂਟਿੰਗ ਸੈਂਟਰਾਂ ਦੀ ਤਿਆਰੀ ਅਤੇ ਅਮਨ, ਕਾਨੂੰਨ ਵਿਵਸਥਾ ਬਾਰੇ ਵਿਚਾਰ ਚਰਚਾ ਕੀਤੀ ਗਈ।

ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ 1 ਜੂਨ ਨੂੰ ਚੋਣਾਂ ਵਾਲੇ ਦਿਨ ਗਰਮੀ ਪੈਣ ਦੀ ਸੰਭਾਵਨਾ ਨੂੰ ਮੁੱਖ ਰੱਖਦੇ ਹੋਏ ਹਰ ਪੋਲਿੰਗ ਬੂਥ ਉੱਪਰ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਹਰ ਵਿਧਾਨ ਸਭਾ ਹਲਕੇ ਵਿੱਚ 5 ਮਾਡਲ ਪੋਲਿੰਗ ਸਟੇਸ਼ਨ ਬਣਾਏ ਜਾਣਗੇ ਜਿਨ੍ਹਾਂ ਦੀ ਜ਼ਿਲ੍ਹੇ ਵਿੱਚ ਕੁੱਲ ਗਿਣਤੀ 35 ਹੋਵੇਗੀ। ਇਸ ਤੋਂ ਇਲਾਵਾ ਹਰ ਵਿਧਾਨ ਸਭਾ ਹਲਕੇ ਵਿੱਚ ਇੱਕ ਪਿੰਕ ਪੋਲਿੰਗ ਸਟੇਸ਼ਨ ਬਣਾਇਆ ਜਾਵੇਗਾ ਜਿਸ ਵਿੱਚ ਚੋਣ ਸਟਾਫ਼ ਕੇਵਲ ਮਹਿਲਾਵਾਂ ਹੀ ਹੋਣਗੀਆਂ। ਉਨ੍ਹਾਂ ਦੱਸਿਆ ਕਿ ਹਰ ਪੋਲਿੰਗ ਸਟੇਸ਼ਨ ਉੱਪਰ ਵਲੰਟੀਅਰ ਤਾਇਨਾਤ ਕੀਤੇ ਜਾਣਗੇ ਜੋ ਬਜ਼ੁਰਗ ਅਤੇ ਦਿਵਿਆਂਗ ਵੋਟਰਾਂ ਦੀ ਸਹਾਇਤਾ ਕਰਨ ਦੇ ਨਾਲ ਪੋਲਿੰਗ ਸਟੇਸ਼ਨ ਉੱਪਰ ਲੱਗਣ ਵਾਲੀਆਂ ਲਾਈਨਾਂ ਨੂੰ ਮੈਨੇਜ ਕਰਨਗੇ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ 'ਇਸ ਵਾਰ 70 ਪਾਰ' ਦੇ ਟੀਚੇ ਨੂੰ ਪੂਰਾ ਕਰਦਿਆਂ ਜ਼ਿਲ੍ਹੇ ਵਿੱਚ ਵੋਟਰ ਪ੍ਰਤੀਸ਼ਤਤਾ ਵਧਾਈ ਜਾਵੇਗੀ। ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਜਿਹੜੇ ਵਿਅਕਤੀਆਂ ਨੇ ਅਜੇ ਤੱਕ ਵੀ ਆਪਣੇ ਲਾਇਸੰਸੀ ਹਥਿਆਰ ਜਮਾਂ ਨਹੀਂ ਕਰਵਾਏ ਉਹ ਤੁਰੰਤ ਜਮਾਂ ਕੀਤੇ ਜਾਣ। ਇਸ ਤੋਂ ਇਲਾਵਾ ਸ਼ਰਾਰਤੀ ਅਨਸਰਾਂ ਉੱਪਰ ਖ਼ਾਸ ਨਜ਼ਰ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਨਸ਼ਿਆਂ ਅਤੇ ਨਗਦੀ ਦੇ ਵਰਤਾਰੇ ਨੂੰ ਰੋਕਣ ਲਈ ਵਿਸ਼ੇਸ਼ ਚੌਕਸੀ ਵਰਤੀ ਜਾਵੇ। ਜ਼ਿਲ੍ਹਾ ਚੋਣ ਅਧਿਕਾਰੀ ਸ੍ਰੀ ਵਿਸ਼ੇਸ਼ ਸਾਰੰਗਲ ਨੇ ਅੱਗੇ ਦੱਸਿਆ ਕਿ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਜ਼ਿਲ੍ਹਾ ਚੋਣ ਦਫ਼ਤਰ ਨੂੰ ਆਫ਼ ਲਾਈਨ 124 ਸ਼ਿਕਾਇਤਾਂ ਆਈਆਂ ਸਨ ਜਿਨ੍ਹਾਂ ਵਿਚੋਂ 122 ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਜਦਕਿ 2 ਉੱਪਰ ਕਾਰਵਾਈ ਜਾਰੀ ਹੈ। ਏਸੇ ਤਰਾਂ 1950 ਹੈਲਪ ਲਾਈਨ ਨੰਬਰ ਉੱਪਰ 29 ਸ਼ਿਕਾਇਤਾਂ ਆਈਆਂ ਹਨ ਜਿਨ੍ਹਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੀ-ਵਿਜ਼ਲ ਐਪ ਉੱਪਰ 22 ਸ਼ਿਕਾਇਤਾਂ ਪ੍ਰਾਪਤ ਹੋਈਆਂ ਸਨ ਅਤੇ ਸਾਰੀਆਂ ਹੀ ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243
ਆਵਾਜ਼ਿ ਕੌਮ AWAZE QAUM International Newspaper & WEB TV

ਜਰਖੜ ਖੇਡਾਂ 2024 : ਓਲੰਪੀਅਨ ਪ੍ਰਿਥੀਪਲ ਸਿੰਘ ਹਾਕੀ ਫੈਸਟੀਵਲ 4 ਮਈ ਤੋਂ, ਫਾਈਨਲ 9 ਜੂਨ ਨੂੰ

# ਸੀਨੀਅਰ ਅਤੇ ਜੂਨੀਅਰ ਵਰਗ ਵਿੱਚ ਲੈਣਗੀਆਂ ਕੁੱਲ 16 ਟੀਮਾਂ ਹਿੱਸਾ












**ਲੁਧਿਆਣਾ ਨਕੋਦਰ ਮਹਿਤਪੁਰ 29 ਅਪ੍ਰੈਲ (ਹਰਜਿੰਦਰ ਪਾਲ ਛਾਬੜਾ)** - ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰ ?ਸਟ ਪਿੰਡ ਜਰਖੜ ਵੱਲੋਂ ਜਰਖੜ ਖੇਡਾਂ ਦੀ ਕੜੀ ਦਾ 14ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ 4 ਮਈ ਤੋਂ ਜਰਖੜ ਖੇਡ ਸਟੇਡੀਅਮ ਵਿਖੇ ਸ਼ੁਰੂ ਹੋਵੇਗਾ ਤੇ ਇਸ ਹਾਕੀ ਫੈਸਟੀਵਲ ਦੇ ਫਾਈਨਲ ਮੁਕਾਬਲੇ 9 ਜੂਨ ਨੂੰ ਖੇਡੇ ਜਾਣਗੇ। ਇਸ ਹਫਤਾਵਰੀ ਹਾਕੀ ਲੀਗ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਦੀਆਂ ਕੁੱਲ 16 ਟੀਮਾਂ ਹਿੱਸਾ ਲੈਣਗੀਆਂ । ਇਸ ਫੈਸਟੀਵਲ ਦੇ ਮੁਕਾਬਲੇ ਹਰ ਸਨਿਚਰਵਾਰ ਅਤੇ ਅਤੇ ਐਤਵਾਰ ਨੂੰ ਸ਼ਾਮ 5 ਵਜੇ ਤੋਂ ਲੈ ਕੇ ਰਾਤ ਦੇ 9 ਵਜੇ ਤੱਕ ਫਲ਼ ?ਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਜਾਣਗੇ । ਜਰਖੜ ਟਰਸਟ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ , ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੀਨੀਅਰ ਵਰਗ ਵਿੱਚ ਹਿੱਸਾ ਲੈ ਰਹੀਆਂ 8 ਟੀਮਾਂ ਨੂੰ 2 ਪੂਲਾਂ ਵਿੱਚ ਵੰਡਿਆ ਗਿਆ ਹੈ ਪੂਲ਼ ਏ ਵਿੱਚ ਪਿਛਲੇ ਸਾਲ ਦੀ ਉਪ ਜੇਤੂ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ, ਸਪੋਰਟ ਸੈਂਟਰ ਕਿਲਾ ਰਾਏਪੁਰ , ਅਮਰਗੜ੍ਹ ਸੈਂਟਰ ਮਲੇਰ ਕੋਟਲਾ ਅਤੇ ਜਰਖੜ ਹਾਕੀ ਅਕੈਡਮੀ ਜਦਕਿ ਪੂਲ ਬੀ ਵਿੱਚ ਪਿਛਲੇ ਸਾਲ ਦੀ ਚੈਂਪੀਅਨ ਐਚ ਟੀ ਸੀ ਸੈਂਟਰ ਰਾਮਪੁਰ , ਸਟਿ ?ਕ ਸਟਾਰ ਬੇਕਰਜਫੀਲਡ ਕੈਲੀਫੋਰਨੀਆ , ਏਕ ਨੂਰ ਅਕੈਡਮੀ ਤੇਹਿੰਗ ਅਤੇ ਜੰਗ ਕਲੱਬ ਉਟਾਲਾ ਖੇਡਣ ਗਈਆਂ ਜਦਕਿ ਸਬ ਜੂਨੀਅਰ ਵਰਗ ਅੰਡਰ 14 ਸਾਲ ਜਿਸ ਵਿੱਚ 1-1-2011 ਤੋਂ ਬਾਅਦ ਦੇ ਜਨਮੇ ਖਿਡਾਰੀ ਖੇਡਣਗੇ । ਸਬ ਜੂਨੀਅਰ ਵਰਗ ਵਿੱਚ ਪੂਲ ਏ ਵਿੱਚ ਪਿਛਲੇ ਸਾਲ ਦੀ ਚੈਂਪੀਅਨ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾ, ਸਪੋਰਟ ਸੈਂਟਰ ਕਿਲਾ ਰਾਇਪੁਰ, ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਅਤੇ ਘਵੱਦੀ ਹਾਕੀ ਸੈਂਟਰ ਖੇਡਣ ਗਏ ਜਦਕਿ ਪੂਲ ਬੀ ਵਿੱਚ ਭਵਾਨੀਗੜ੍ਹ, ਐਚਟੀਸੀ ਰਾਮਪੁਰ ,ਏਕ ਨੂਰ ਅਕੈਡਮੀ ਤੇਹਿੰਗ ਅਤੇ ਜਰਖੜ ਅਕੈਡਮੀ ਨੂੰ ਰੱਖਿਆ ਗਿਆ ਹੈ ।ਉਹਨਾਂ ਦੱਸਿਆ ਕਿ ਇਸ ਹਾਕੀ ਫੈਸਟੀਵਲ ਦੇ ਮੁਕਾਬਲੇ ਹਰ ਹਫਤੇ ਸਨਿਚਰਵਾਰ ਅਤੇ ਐਤਵਾਰ ਨੂੰ ਹੋਇਆ ਕਰਨਗੇ ਜਿਨਾਂ ਵਿੱਚ ਪਹਿਲੇ ਗੇੜ ਦੇ ਮੁਕਾਬਲੇ 4 ਅਤੇ 5 ਮਈ ਨੂੰ ,ਫਿਰ ਦੂਜਾ ਗੇੜ 11 ਅਤੇ 12 ਮਈ ਨੂੰ ਤੀਜਾ ਗੇੜ 18 ਅਤੇ 19 ਮਈ ਨੂੰ ਜਦਕਿ ਆਖਰੀ ਆਖਰੀ ਸੈਮੀ ਫਾਈਨਲ ਅਤੇ ਫਾਈਨਲ ਗੇੜ ਦੇ ਮੁਕਾਬਲੇ 6 ਤੋਂ 9 ਜੂਨ ਤੱਕ ਖੇਡੇ ਜਾਣਗੇ । 19 ਮਈ ਨੂੰ ਓਲੰਪੀਅਨ ਪ੍ਰਿਥੀਪਾਲ ਸਿੰਘ ਸਲਾਨਾ ਵਰਸੀ ਖਿਡਾਰੀਆਂ ਦੀ ਸ਼ਰਧਾ ਅਤੇ ਸਤਿਕਾਰ ਦੇ ਨਾਲ ਮਨਾਈ ਜਾਵੇਗੀ । ਹਰ ਰੋਜ਼ ਚਾਰ ਮੈਚ ਹੋਇਆ ਕਰਨਗੇ ਜਿਸ ਵਿੱਚ 2 ਜੂਨੀਅਰ ਵਰਗ ਦੇ ਮੁਕਾਬਲੇ ਅਤੇ 2 ਸੀਨੀਅਰ ਵਰਗ ਦੇ ਮੁਕਾਬਲੇ ਹੋਣਗੇ । ਸੀਨੀਅਰ ਵਰਗ ਦੀ ਚੈਂਪੀਅਨ ਟੀਮ ਨੂੰ ਓਲੰਪੀਅਨ ਪ੍ਰਿਥੀਪਾਲ ਸਿੰਘ ਗੋਲਡ ਕੱਪ ਟਰਾਫੀ ਅਤੇ 41000 ਦੀ ਨਗਦ ਰਾਸੀ ਉਪਜੇਤੂ ਟੀਮ ਨੂੰ 31000 ਦੀ ਨਗਦ ਰਾਸੀ ਅਤੇ ਸਰਵੋਤਮ ਖਿਡਾਰੀਆਂ ਨੂੰ ਏਵਲ ਸਾਈਕਲਾਂ ਨਾਲ ਸਨਮਾਨਿਆ ਜਾਵੇਗਾ। ਇਸ ਤਰ੍ਹਾਂ ਜੂਨੀਅਰ ਵਰਗ ਦੀ ਜੇਤੂ ਟੀਮ ਨੂੰ 21000 ਦੀ ਨਗਦ ਰਾਸ਼ੀ ਉਪਜੇਤੂ ਟੀਮ ਨੂੰ 16000 ਦੀ ਨਗਦ ਰਾਸ਼ੀ ਅਤੇ ਸਰਵੋਤਮ ਖਿਡਾਰੀਆਂ ਨੂੰ ਸਾਈਕਲ ਦਿੱਤੇ ਜਾਣਗੇ । ਹਰ ਮੈਚ ਦੇ ਸਰਵੋਤਮ ਖਿਡਾਰੀ ਨੂੰ ਹੀਰੋ ਆਫ ਦਾ ਮੈਚ ਵਜੋਂ ਸਨਮਾਨਿਆ ਜਾਵੇਗਾ । ਟੂਰਨਾਮੈਂਟ ਦਾ ਉਦਘਾਟਨੀ ਸਮਾਰੋਹ ਲਾਜਵਾਬ ਹੋਵੇਗਾ ਜਿੱਥੇ ਹਾਕੀ ਓਲੰਪੀਅਨ ਰਜਿੰਦਰ ਸਿੰਘ ਸੀਨੀਅਰ ਟੂਰਨਾਮੈਂਟ ਦਾ ਉਦਘਾਟਨ ਕਰਨਗੇ ਉਥੇ ਜਰਖੜ ਪ੍ਰਾਇਮਰੀ ਸਕੂਲ ਦੇ ਬੱਚਿਆਂ ਵੱਲੋਂ ਸੱਭਿਆਚਾਰਕ ਬੰਨਗੀਆਂ ਵੀ ਪੇਸ਼ ਕੀਤੀਆਂ ਜਾਣਗੀਆਂ । ਹਾਕੀ ਫੈਸਟੀਵਲ ਦਾ ਉਦਘਾਟਨੀ ਮੈਚ 4 ਮਈ ਨੂੰ ਸ਼ਾਮ 6 ਵਜੇ ਸਪੋਰਟ ਸੈਂਟਰ ਕਿਲਾ ਰਾਏਪੁਰ ਅਤੇ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਵਿਚਕਾਰ ਖੇਡਿਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਇੰਟਰਨੈਸ਼ਨਲ ਐਥਲੀਟ ਕਸ਼ਮੀਰ ਖਿਆਲਾ

# ਮਾਝਾ ਜੋਨ (ਸਪੋਰਟਸ ਵਿੰਗ) ਦੇ ਇੰਚਾਰਜ ਨਿਯੁਕਤ

**ਚੌਂਕ ਮਹਿਤਾ, 29 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਵਿਧਾਨ ਸਭਾ ਹਲਕਾ ਰਾਜਾਸਾਂਸੀ ਦੇ ਸੀਨੀਅਰ ਆਪ ਆਗੂ ਤੇ ਇੰਟਰਨੈਸ਼ਨਲ ਐਥਲੀਟ, ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਚੋਗਾਵਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਮੀਤ ਪ੍ਰਧਾਨ ਅਤੇ ਮਾਝਾ ਜੋਨ (ਸਪੋਰਟਸ ਵਿੰਗ )ਦਾ ਇੰਚਾਰਜ ਨਿਯੁਕਤ ਕੀਤਾ ਹੈ। ਆਪਣੀ ਇਸ ਨਿਯੁਕਤੀ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਸ਼ਮੀਰ ਸਿੰਘ ਖਿਆਲਾ ਨੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਰਾਜ ਸਭਾ ਮੈਂਬਰ ਸੰਦੀਪ ਪਾਠਕ ਅਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਅੰਮ੍ਰਿਤਸਰ ਤੋਂ ਲੋਕ ਸਭਾ ਚੋਣ ਲੜ ਰਹੇ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਦੀ ਜਿੱਤ ਲਈ ਸਖ਼ਤ ਮਿਹਨਤ ਕਰਨਗੇ। ਇਸ ਮੌਕੇ 'ਤੇ ਬਾਵਾ ਸਿੰਘ ਖਿਆਲਾ, ਨਿਸ਼ਾਨ ਸਿੰਘ ਕੋਟਲਾ, ਸਰਤਾਜ ਸਿੰਘ ਖਿਆਲਾ ਖੁਰਦ, ਪਰਗਟ ਸਿੰਘ ਬਰਾੜ, ਸਵਿੰਦਰ ਸਿੰਘ ਓਠੀਆਂ, ਤੇਜਬੀਰ ਸਿੰਘ ਬੱਗਾ, ਜਸਬੀਰ ਸਿੰਘ ਖਿਆਲਾ, ਸੂਬਾ ਸਿੰਘ ਬੋਪਾਰਾਏ, ਹਰਭਜਨ ਸਿੰਘ ਕੋਲੋਵਾਲ, ਟਹਿਲ ਸਿੰਘ ਮਹਿਮਦਪੁਰਾ ਸਾਰੇ ਸਾਬਕਾ ਸਰਪੰਚ ਤੇ ਚੇਅਰਮੈਨ ਸੁਖਦੇਵ ਸਿੰਘ ਆਦਿ ਨੇ ਵੀ ਸ੍ਰੀ ਖਿਆਲਾ ਦੀ ਨਿਯੁਕਤੀ ਦਾ ਸਵਾਗਤ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV



# ਕੌਮੀ ਰਾਜਧਾਨੀ ਦੀਆਂ ਸੜਕਾਂ 'ਤੇ ਨਿਹੰਗ ਸਿੰਘਾਂ ਨੇ ਜਰਨੈਲੀ ਮਾਰਚ ਦੌਰਾਨ ਖਾਲਸਈ ਜਾਹੋ ਜਲਾਲ ਨਾਲ ਖੇਡਿਆ ਗੱਤਕਾ



**ਨਵੀਂ ਦਿੱਲੀ, 29 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਫਤਿਹ ਦਿਵਸ ਦੇ ਦੂਜੇ ਦਿਨ ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਸੜਕਾਂ 'ਤੇ ਖਾਲਸਈ ਜਾਹੋ ਜਲਾਲ ਨਾਲ ਨਿਹੰਗ ਸਿੰਘਾਂ ਨੇ ਗੱਤਕਾ ਖੇਡਿਆ। ਦਿੱਲੀ ਫਤਿਹ ਦਿਵਸ ਦੇ ਦੂਜੇ ਦਿਨ ਜਮਨਾ ਬਜ਼ਾਰ ਤੋਂ ਲਾਲ ਕਿਲ੍ਹੇ ਤੱਕ ਜਰਨੈਲੀ ਮਾਰਚ ਸਜਾਇਆ ਗਿਆ ਜਿਸ ਵਿਚ ਬਾਬਾ ਬਲਬੀਰ ਸਿੰਘ 96 ਕਰੋੜੀ ਬੁੱਢਾ ਦਲ ਤੇ ਹੋਰ ਨਿਹੰਗ ਸਿੰਘਾਂ ਦੇ ਜੱਥਿਆਂ ਨੇ ਘੋੜਿਆਂ ਅਤੇ ਹਾਥੀਆਂ 'ਤੇ ਚੜ੍ਹਕੇ ਸ਼ਮੂਲੀਅਤ ਕੀਤੀ ਅਤੇ ਗੱਤਕਾ ਟੀਮਾਂ ਨੇ ਸਾਰੇ ਰਸਤੇ ਵਿਚ ਗੱਤਕੇ ਦੇ ਜੌਹਰ ਵਿਖਾਏ। ਇਸ ਮਾਰਚ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਦੀ ਅਗਵਾਈ ਹੇਠ ਦਿੱਲੀ ਗੁਰਦੁਆਰਾ ਕਮੇਟੀ ਦੇ ਸਮੁੱਚੇ ਅਹੁਦੇਦਾਰ ਤੇ ਮੈਂਬਰਾਂ ਨੇ ਵੱਡੀ ਗਿਣਤੀ ਵਿਚ ਸੰਗਤਾਂ ਸਮੇਤ ਸ਼ਮੂਲੀਅਤ ਕੀਤੀ ਤੇ ਖੁਦ ਯਾਤਰਾ ਦੀ ਅਗਵਾਈ ਕੀਤੀ। ਨਿਹੰਗ ਸਿੰਘਾਂ ਨੇ ਪੂਰੇ ਮਾਰਚ ਦੌਰਾਨ ਖਾਲਸਈ ਜਾਹੋ ਜਲਾਲ ਨਾਲ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵੱਲੋਂ ਬਖਸ਼ਿਸ਼ ਕੀਤੇ ਸ਼ਸ਼ਤਰ ਵੀ ਸਜਾਏ ਹੋਏ ਸਨ ਤੇ ਗੱਤਕਾਂ ਵੀ ਖੇਡਦੇ ਰਹੇ। ਇਹ ਮਾਰਚ ਕਈ ਘੰਟਿਆਂ ਵਿਚ ਜਮਨਾ ਬਜ਼ਾਰ ਤੋਂ ਲਾਲ ਕਿਲ੍ਹੇ ਤੱਕ ਪਹੁੰਚ ਸਕਿਆ। ਕੌਮੀ ਰਾਜਧਾਨੀ ਦੀਆਂ ਸੜਕਾਂ 'ਤੇ ਖਾਲਸਈ ਚੜ੍ਹਦੀਕਲਾ ਦਾ ਪ੍ਰਤੀਕ ਵੇਖ ਕੇ ਹਰ ਕੋਈ ਅਸ਼-ਅਸ਼ ਕਰ ਉਠਿਆ। ਮਹਾਨ ਜਰਨੈਲਾਂ ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਰਾਮਗੜ੍ਹੀਆ ਤੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਲਾਲ ਕਿਲ੍ਹੇ 'ਤੇ ਹਮਲਾ ਕਰ ਕੇ ਸ਼ਾਹ ਆਲਮ ਦੂਜੇ ਨੂੰ ਹਰਾਉਣ ਦੇ ਇਹ ਜਸ਼ਨ ਦਿੱਲੀ ਫਤਿਹ ਦਿਵਸ ਦੇ ਰੂਪ ਵਿਚ ਮਨਾਏ ਜਾਂਦੇ ਹਨ। ਭਾਰਤ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ ਮੁਗਲਾਂ ਨੂੰ ਉਹਨਾਂ ਦੇ ਘਰਾਂ ਵਿਚ ਮਾਤ ਮਿਲੀ ਹੋਵੇ ਅਤੇ ਉਹ ਵੀ ਸਿੱਖ ਜਰਨੈਲਾਂ ਦੀ ਅਗਵਾਈ ਹੇਠ 30 ਹਜ਼ਾਰ ਦੀ ਫੌਜ ਨੇ ਮਾਤ ਦਿੱਤੀ ਹੈ। ਇਹਨਾਂ ਮਹਾਨ ਜਰਨੈਲਾਂ ਨੇ ਇਸ ਫਤਿਹ ਮਗਰੋਂ 10 ਮਹੀਨਿਆਂ ਤੱਕ ਦਿੱਲੀ ਵਿਚ ਡੇਰੇ ਲਗਾ ਕੇ ਗੁਰੂ ਸਾਹਿਬਾਨ ਨਾਲ ਜੁੜੇ ਅਸਥਾਨਾਂ ਦੀ ਨਿਸ਼ਾਨਦੇਹੀ ਕਰਵਾਈ ਤੇ ਉਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ ਜਿਥੇ ਅੱਜ ਗੁਰਦੁਆਰਾ ਸ਼ੀਸ਼ਗੰਜ ਸਾਹਿਬ, ਗੁਰਦੁਆਰਾ ਬੰਗਲਾ ਸਾਹਿਬ, ਗੁਰਦੁਆਰਾ ਬਾਲਾ ਸਾਹਿਬ ਤੇ ਹੋਰ ਗੁਰੂ ਘਰ ਸੁਸ਼ੋਭਿਤ ਹਨ। ਇਸ ਮੌਕੇ ਕਮੇਟੀ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਉਹ ਖੁਸ਼ਨਸੀਬ ਹਨ ਕਿ ਕਮੇਟੀ ਦੇ ਮੁੱਖ ਸੇਵਾਦਾਰਾਂ ਦੇ ਰੂਪ ਵਿਚ ਉਹ ਭਾਰਤ ਸਰਕਾਰ ਨਾਲ ਮਿਲ ਕੇ ਉਸੇ ਲਾਲ ਕਿਲ੍ਹੇ 'ਤੇ ਦਿੱਲੀ ਫਤਿਹ ਦਿਵਸ ਮਨਾ ਰਹੇ ਹਨ ਜਿਥੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਉਹਨਾਂ ਕਿਹਾ ਕਿ ਜੇਕਰ ਅੱਜ ਕੌਮੀ ਰਾਜਧਾਨੀ ਵਿਚ ਸੰਗਤਾਂ ਗੁਰੂ ਘਰਾਂ ਦੇ ਦਰਸ਼ਨ ਕਰ ਕੇ ਜੀਵਨ ਸਫਲ ਕਰਦੀਆਂ ਹਨ ਤਾਂ ਤਿੰਨ ਮਹਾਨ ਜਰਨੈਲਾਂ ਦੀ ਬਦੌਲਤ ਹੀ ਹੈ। ਉਹਨਾਂ ਕਿਹਾ ਕਿ ਇਹਨਾਂ ਮਹਾਨ ਜਰਨੈਲਾਂ ਦੀ ਯਾਦਗਾਰ ਮਨਾਉਣਾ, ਸਿੱਖ ਕੌਮ ਲਈ ਵੱਡੇ ਭਾਗਾਂ ਵਾਲੀ ਗੱਲ ਹੈ। ਮਾਰਚ ਦੀ ਸਮਾਪਤੀ ਮਗਰੋਂ ਲਾਲ ਕਿਲ੍ਹੇ 'ਤੇ ਹੀ ਵਿਦਿਆਰਥੀਆਂ ਦੇ ਗੱਤਕਾ ਮੁਕਾਬਲੇ ਵੀ ਕਰਵਾਏ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

# ਜ਼ਿਲ੍ਹਾ ਗੁਰਦਾਸਪੁਰ ਨੇ ਕਣਕ ਦੀ ਫ਼ਸਲ ਦੀ ਇੱਕ ਦਿਨ ਵਿੱਚ ਸਭ ਤੋਂ ਵੱਧ ਲਿਫ਼ਟਿੰਗ ਕਰਨ ਦਾ ਰਿਕਾਰਡ ਬਣਾਇਆ

- ☛ ਬੀਤੇ ਕੱਲ੍ਹ ਜ਼ਿਲ੍ਹੇ ਦੀਆਂ ਮੰਡੀਆਂ ਵਿਚੋਂ 29710 ਮੀਟਰਿਕ ਟਨ ਕਣਕ ਦੀ ਲਿਫ਼ਟਿੰਗ ਕੀਤੀ
- ☛ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 334139 ਮੀਟਰਿਕ ਟਨ ਕਣਕ ਖ਼ਰੀਦਣ ਦੇ ਨਾਲ ਕਿਸਾਨਾਂ ਨੂੰ 641 .30 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ - ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ



**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ 29 ਅਪ੍ਰੈਲ ਕੁਲਜੀਤ ਸਿੰਘ ਖੋਖਰ**-ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਦੀਆਂ ਹਦਾਇਤਾਂ ਤਹਿਤ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ ਹੈ। ਖ਼ਰੀਦ ਏਜੰਸੀਆਂ ਵੱਲੋਂ ਜਿੱਥੇ ਕਿਸਾਨਾਂ ਦੀ ਫ਼ਸਲ ਨੂੰ ਬਿਨਾਂ ਕਿਸੇ ਦੇਰੀ ਖ਼ਰੀਦਿਆ ਜਾ ਰਿਹਾ ਹੈ ਓਥੇ ਖ਼ਰੀਦੀ ਗਈ ਕਣਕ ਦੀ ਮੰਡੀਆਂ ਵਿਚੋਂ ਲਿਫ਼ਟਿੰਗ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ। ਬੀਤੇ ਦਿਨ ਜ਼ਿਲ੍ਹਾ ਗੁਰਦਾਸਪੁਰ ਨੇ ਕਣਕ ਦੀ ਫ਼ਸਲ ਦੀ ਇੱਕ ਦਿਨ ਵਿੱਚ ਸਭ ਤੋਂ ਵੱਧ ਲਿਫ਼ਟਿੰਗ ਕਰਨ ਦਾ ਰਿਕਾਰਡ ਬਣਾਉਂਦਿਆਂ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਇੱਕ ਦਿਨ ਵਿੱਚ 29710 ਮੀਟਰਿਕ ਟਨ ਕਣਕ ਦੀ ਲਿਫ਼ਟਿੰਗ ਕੀਤੀ ਹੈ। ਪਿਛਲੇ ਸਾਲ ਇੱਕ ਦਿਨ ਵਿੱਚ ਵੱਧ ਤੋਂ ਵੱਧ 25914 ਮੀਟਰਿਕ ਟਨ ਲਿਫ਼ਟਿੰਗ ਕਰਨ ਦਾ ਰਿਕਾਰਡ ਸੀ । ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਫ਼ਸਲ ਵੇਚਣ ਸਮੇਂ ਕੋਈ ਮੁਸ਼ਿਕਲ ਨਾ ਆਵੇ। ਉਨ੍ਹਾਂ ਕਿਹਾ ਕਿ ਸਮੇਂ ਸਿਰ ਫ਼ਸਲ ਦੀ ਖ਼ਰੀਦ ਅਤੇ ਉਸਦੀ ਅਦਾਇਗੀ ਦੇ ਨਾਲ ਖ਼ਰੀਦੀ ਗਈ ਫ਼ਸਲ ਦੀ ਲਿਫ਼ਟਿੰਗ ਵੀ ਤੇਜ਼ੀ ਨਾਲ ਕੀਤੀ ਜਾ ਰਹੀ ਹੈ ਤਾਂ ਜੋ ਮੰਡੀਆਂ ਵਿੱਚ ਥਾਂ ਦੀ ਕਮੀ ਨਾ ਆਵੇ। ਕਣਕ ਦੀ ਖ਼ਰੀਦ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 361745 ਮੀਟਰਿਕ ਟਨ ਕਣਕ ਦੀ ਆਮਦ ਹੋਈ ਹੈ ਜਿਸ ਵਿੱਚੋਂ 334139 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਏਜੰਸੀ ਵਾਈਜ਼ ਖ਼ਰੀਦ ਦਾ ਬਿਉਰਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀ ਪਨਗਰੇਨ ਨੇ 96493 ਮੀਟਰਿਕ ਟਨ, ਮਾਰਕਫੈੱਡ ਨੇ 80576 ਮੀਟਰਿਕ ਟਨ, ਪਨਸਪ ਨੇ 77304 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 66827 ਮੀਟਰਿਕ ਟਨ, ਐੱਫ਼.ਸੀ.ਆਈ. ਨੇ 8839 ਮੀਟਰਿਕ ਟਨ ਅਤੇ ਵਪਾਰੀਆਂ ਨੇ 4100 ਮੀਟਰਿਕ ਟਨ ਕਣਕ ਖ਼ਰੀਦੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ ਕਿਸਾਨਾਂ ਨੂੰ 641.30 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਣਕ ਦੀ ਫ਼ਸਲ ਦਾ ਇੱਕ-ਇੱਕ ਦਾਣਾ ਪੂਰੇ ਤੋਲ ਅਤੇ ਭਾਅ ਉੱਪਰ ਖ਼ਰੀਦਣ ਲਈ ਵਚਨਬੱਧ ਹੈ ਅਤੇ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ, ਅਦਾਇਗੀ ਅਤੇ ਲਿਫ਼ਟਿੰਗ ਏਵੇਂ ਹੀ ਜਾਰੀ ਰਹੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

# ਇੱਕ ਨਜ਼ਰ



ਪਿੰਡ ਵਡਾਲਾ ਭਿੱਟੇਵੱਡ ਵਿਖੇ ਮੁਫ਼ਤ ਸੂਈ ਧਾਗਾ ਸਿਖਲਾਈ ਸੈਂਟਰ ਦਾ ਉਦਘਾਟਨ

## ਪਿੰਡ ਦੀਆਂ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਕੀਤਾ ਗਿਆ ਇਹ ਉਪਰਾਲਾ : ਪ੍ਰਭਜੋਤ ਵਡਾਲਾ

ਮਹਿਤਾ ਚੌਕ, 29 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ) ਉੱਘੇ ਸਿਆਸਤਦਾਨ ਮਰਹੂਮ ਹਰਪਾਲ ਸਿੰਘ ਵਡਾਲਾ ਦੇ ਪਰਿਵਾਰ ਵੱਲੋਂ ਫਿੱਕੀ ਫਲੋ ਦੇ ਸਹਿਯੋਗ ਨਾਲ ਪਿੰਡ ਵਡਾਲਾ ਭਿੱਟੇਵੱਡ ਵਿਖੇ ਲੜਕੀਆਂ ਨੂੰ ਸਿੱਖਿਅਤ ਕਰਨ ਲਈ ਮੁਫ਼ਤ ਸੂਈ ਧਾਗਾ ਸਿਖਲਾਈ ਸੈਂਟਰ ਦਾ ਰਸਮੀ ਉਦਘਾਟਨ ਮੈਡਮ ਨਵਜੋਤ ਕੌਰ ਵਡਾਲਾ, ਮਹਿਤਾਬ ਸਿੰਘ ਵਡਾਲਾ ਅਤੇ ਡਾ. ਸਿਮਰਜੀਤ ਸੰਧੂ ਵੱਲੋਂ ਸਾਂਝੇ ਤੌਰ 'ਤੇ ਫੀਤਾ ਕੱਟ ਕੇ ਕੀਤਾ ਗਿਆ। ਇਸ ਮੌਕੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਡਮ ਨਵਜੋਤ ਵਡਾਲਾ ਨੇ ਕਿਹਾ ਕਿ ਆਪਣੇ ਪਿੰਡ ਦੀਆਂ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਅਤੇ ਸਿੱਖਿਅਤ ਕਰਨ ਲਈ ਉਨ੍ਹਾਂ ਦੇ ਪਰਿਵਾਰ ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ, ਜਿਸ ਵਿੱਚ ਬੱਚੀਆਂ ਅਤੇ ਔਰਤਾਂ ਨੂੰ ਸਿਲਾਈ ਕਢਾਈ ਅਤੇ ਬਿਊਟੀ ਪਾਰਲਰ ਦੀ ਸਿਖਲਾਈ ਦਿੱਤੀ ਜਾਵੇਗੀ। ਮਹਿਤਾਬ ਸਿੰਘ ਵਡਾਲਾ ਨੇ ਦੱਸਿਆ ਕਿ ਉਨ੍ਹਾਂ ਦੇ ਦਾਦਾ ਗੁਰਦੀਪ ਸਿੰਘ ਵਡਾਲਾ ਅਤੇ ਪਿਤਾ ਹਰਪਾਲ ਸਿੰਘ ਵਡਾਲਾ ਜਿੱਥੇ ਨਾਮੀ ਸਿਆਸਤਦਾਨ ਸਨ, ਉੱਥੇ ਸਮਾਜ ਸੇਵਕ ਵੀ ਸਨ। ਡਾ.ਸਿਮਰਜੀਤ ਸੰਧੂ ਨੇ ਕਿਹਾ ਕਿ ਉਨ੍ਹਾਂ ਦੀ ਸੰਸਥਾ ਫਿੱਕੀ ਫਲੋ ਲਗਾਤਾਰ ਇਹੋ ਜਿਹੇ ਉਪਰਾਲੇ ਪਿੰਡਾਂ 'ਤੇ ਸ਼ਹਿਰਾਂ ਵਿੱਚ ਕਰ ਰਹੀ ਹੈ, ਜਿਸ ਦਾ ਹਜਾਰਾਂ ਦੀ ਗਿਣਤੀ ਵਿੱਚ ਲੜਕੀਆਂ ਲਾਭ ਲੈ ਰਹੀਆਂ ਅਤੇ ਵਧੀਆ ਕਮਾਈ ਕਰ ਰਹੀਆਂ ਹਨ। ਇਸ ਮੌਕੇ 'ਤੇ ਸਾਬਕਾ ਸਰਪੰਚ ਮਦਨ ਸਿੰਘ ਵਡਾਲਾ, ਰਜਵੰਤ ਸਿੰਘ ਸੰਧੂ ਵਡਾਲਾ, ਡਾ.ਰਾਜੂ ਗਰੋਵਰ, ਮੋਨਾ ਸਿੰਘ, ਨੀਤਾ ਮਹਿਰਾ, ਜਗਰੂਪ ਸਿੰਘ ਸੰਧੂ ਸਾਬਕਾ ਸਰਪੰਚ ਕੋਟਲਾ ਦਲ ਸਿੰਘ, ਦਿਲਬਾਗ ਸਿੰਘ ਵਡਾਲਾ, ਡਾ.ਜਸਨੀਤ ਨਈਅਰ, ਯੂਸਫ਼ ਵਡਾਲਾ ਆਦਿ ਹਸਤੀਆਂ ਨੇ ਸ਼ਿਰਕਤ ਕੀਤੀ।

## ਇੰਪਲਾਈਜ ਵੈਲ.ਫੇਅਰ ਐਸੋਸੀਏਸ਼ਨ ਵੱਲੋਂ ਇਮਾਨਦਾਰੀ ਦੀ ਮਿਸਾਲ ਸਿਵਲ ਸਰਜਨ ਡਾ. ਵਿਜੈ ਕੁਮਾਰ ਸਨਮਾਨਿਤ



ਚੌਕ ਮਹਿਤਾ, 29 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)- ਜ਼ਿਲ੍ਹਾ ਅੰਮ੍ਰਿਤਸਰ ਸਿਵਲ ਸਰਜਨ ਡਾਕਟਰ ਵਿਜੇ ਕੁਮਾਰ 30 ਅਪ੍ਰੈਲ, 2024 ਮੰਗਲਵਾਰ ਨੂੰ ਸਰਕਾਰੀ ਸੇਵਾਵਾਂ ਤੋਂ ਭਾਰ ਮੁਕਤ ਹੋ ਰਹੇ ਹਨ ਆਪਣੇ ਨਿੱਘੇ ਸੁਭਾਅ ਅਤੇ ਇਮਾਨਦਾਰੀ ਨਾਲ ਜਾਣੇਂ ਜਾਂਦੇ ਡਾਕਟਰ ਵਿਜੇ ਕੁਮਾਰ, ਸਿਵਲ ਸਰਜਨ ਅੰਮ੍ਰਿਤਸਰ ਨੂੰ ਰਿਟਾਇਰਮੈਂਟ ਦੇ ਮੌਕੇ ਤੇ ਇੰਪਲਾਈਜ ਵੈਲ.ਫੇਅਰ ਐਸੋਸੀਏਸ਼ਨ ਪੰਜਾਬ ਵੱਲੋਂ ਉਨ੍ਹਾਂ ਨੂੰ ਚੰਗੀਆਂ, ਵਧੀਆ ਸੇਵਾਵਾਂ ਦੇਣ ਲਈ ਅਤੇ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਉਣ ਹਿੱਤ ਉਚੇਚੇ ਤੌਰ ਸਨਮਾਨਿਤ ਕਰਨ ਹਿੱਤ ਵਿਦਾਇਗੀ ਪਾਰਟੀ ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਕੀਤੀ ਗਈ ਇਸ ਮੌਕੇ ਇੰਪਲਾਈਜ ਵੈਲ.ਫੇਅਰ ਐਸੋਸੀਏਸ਼ਨ ਦੇ ਚੇਅਰਮੈਨ ਡਾਕਟਰ ਰਾਕੇਸ਼ ਸ਼ਰਮਾ, ਸੀਨੀਅਰ ਮੈਡੀਕਲ ਅਫ਼ਸਰ ਇੰਚਾਰਜ਼ ਡਾਕਟਰ ਮਦਨ ਮੋਹਨ, ਸੀਨੀਅਰ ਮੈਡੀਕਲ ਅਫ਼ਸਰ ਇੰਚਾਰਜ਼ ਡਾਕਟਰ ਸਵਰਨਜੀਤ ਧਵਨ, ਅਚਾਰੀਆ ਗੁਰੂ ਮੀਤ ਰਾਜਪ੍ਰੋਹਿਤ ਸਟੇਟ ਪ੍ਰਧਾਨ -ਕਮ- ਸੁਪਰੀਟੈਂਡੰਟ ਆਫ਼ ਸਿਵਲ ਹਸਪਤਾਲ, ਡਾਕਟਰ ਸੰਜੀਵ ਆਨੰਦ ਜਰਨਲ ਸੈਕਟਰੀ, ਫੂਡ ਕਮਿਸ਼ਨਰ ਰਜਿੰਦਰ ਪਾਲ ਸਿੰਘ, ਸ੍ਰੀਮਤੀ ਕਮਲਜੀਤ ਕੌਰ ਸੀਨੀਅਰ ਵਾਈਸ ਪ੍ਰਧਾਨ, ਸ੍ਰੀਮਤੀ ਜਸਬੀਰ ਕੌਰ (ਸ) ਸੀਨੀਅਰ ਵਾਈਸ ਪ੍ਰਧਾਨ ਅਤੇ ਰਘੂ ਤਲਵਾਰ ਜ਼ਿਲ੍ਹਾ ਪ੍ਰਧਾਨ , ਰਾਜੇਸ਼ ਸ਼ਰਮਾ ਸੀਨੀਅਰ ਵਾਈਸ ਪ੍ਰਧਾਨ, ਉਚੇਚੇ ਤੌਰ ਤੇ ਮੌਜੂਦ ਰਹਿਦਿਆਂ ਹੋਇਆਂ ਸਿਵਲ ਸਰਜਨ ਡਾਕਟਰ ਵਿਜੇ ਕੁਮਾਰ ਨੂੰ ਅਤੇ ਸ਼੍ਰੀਮਤੀ ਗੁਰਦੀਸ਼ ਕੌਰ ਸੀਨੀਅਰ ਸਹਾਇਕ ਨੂੰ ਸੇਵਾ ਮੁਕਤੀ ਮੌਕੇ ਸਨਮਾਨਿਤ ਕਰਨਗੇ।

## ਡਾ: ਜਸਵਿੰਦਰ ਕੌਰ ਸੋਹਲ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਜਨਰਲ ਸਕੱਤਰ ਨਿਯੁਕਤ ਕਰਕੇ ਪਾਰਟੀ ਦੀ ਵੱਡੀ ਜਿੰਮੇਵਾਰੀ ਸੌਂਪੀ

ਗੁਰੂਸਰ ਸੁਧਾਰ, 29 ਅਪ੍ਰੈਲ (ਗੁਰਜੰਟ ਸਿੰਘ ਖਾਲਸਾ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ.ਸੁਖਬੀਰ ਸਿੰਘ ਜੀ ਬਾਦਲ ਵੱਲੋਂ ਸ਼ਹੀਦਾਂ ਦੀ ਜੱਥੇਬੰਦੀ ਸ਼੍ਰੋਮਣੀ ਅਕਾਲੀ ਦਲ ਵਿੱਚ ਡਾਕਟਰ ਜਸਵਿੰਦਰ ਕੌਰ ਸੋਹਲ ਨੂੰ ਉਹਨਾਂ ਦੀਆਂ ਪਾਰਟੀ ਪ੍ਰਤੀ ਅਤੇ ਪੰਥ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਦੇਖਦੇ ਹੋਏ ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵਿੱਚ ਜਰਨਲ ਸਕੱਤਰ ਦੀ ਵੱਡੀ ਜਿੰਮੇਵਾਰੀ ਸੌਂਪੀ ਗਈ ਹੈ ਡਾਕਟਰ ਜਸਵਿੰਦਰ ਕੌਰ ਸੋਹਲ ਵੱਲੋਂ ਜਰਨਲ ਸਕੱਤਰ ਦੀ ਮਿਲੀ ਵੱਡੀ ਜਿੰਮੇਵਾਰੀ ਨੂੰ ਪੰਥ ਦੀ ਸੇਵਾ ਸਮਝ ਕੇ ਸਵਕਾਰਿਆ ਗਿਆ ਅਤੇ ਸਮੁੱਚੇ ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਸਾਹਿਬਾਨ ਤੇ ਵਰਕਰਾਂ ਦਾ ਡਾਕਟਰ ਸੋਹਲ ਵੱਲੋ ਤਹਿ ਦਿਲ ਤੋ ਧੰਨਵਾਦ ਕੀਤਾ ਇਸਦੇ ਨਾਲ ਹੀ ਡਾਕਟਰ ਬੀਬੀ ਸੋਹਲ ਵੱਲੋਂ ਪਾਰਟੀ ਦੀ ਸਤਿਕਾਰਤ ਲੀਡਰਸ਼ਿਪ ਜਿਨਾ ਦੀ ਰਹਿਨੁਮਾਈ ਹੇਠ ਅਤੇ ਪਾਰਟੀ ਦੇ ਵਰਕਰ ਸਾਹਿਬਾਨ ਨਾਲ ਮਿਲਕੇ ਪੰਥ ਅਤੇ ਪੰਜਾਬ ਲਈ ਜੋ ਸੇਵਾਵਾ ਹੁਣ ਤੱਕ ਨਿਭਾ ਸਕੀ ਉਨਾ ਸਬ ਦਾ ਵੀ ਵਿਸ਼ੇਸ਼ ਕਰਕੇ ਧੰਨਵਾਦ ਗੁਰੂ ਸਾਹਿਬ ਜੀ ਕਿਰਪਾ ਕਰਨ ਅਸੀ ਸ੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਅਤੇ ਪਾਰਟੀ ਪ੍ਰਧਾਨ ਸ.ਸੁਖਬੀਰ ਸਿੰਘ ਬਾਦਲ ਦੇ ਦ੍ਰਿੜ ਇਰਾਦਿਆਂ ਨੂੰ ਵੱਡਾ ਸਮਰਥਨ ਦੇ ਕੇ ਕਾਮਯਾਬ ਕਰ ਸਕੀਏ।



30 ਅਪ੍ਰੈਲ ਨੂੰ ਜਨਮ-ਦਿਨ 'ਤੇ ਵਿਸ਼ੇਸ਼

# ਪੰਜਾਬੀ ਸੱਭਿਆਚਾਰ ਦੇ ਬਾਬਾ ਬੋਹੜ : ਜਗਦੇਵ ਸਿੰਘ ਜੱਸੋਵਾਲ

■ ਪ੍ਰੋ.ਫ਼ੈਸਰ ਮੋਹਨ ਸਿੰਘ ਤੋਂ ਇਲਾਵਾ ਪ੍ਰਿੰਸੀਪਲ ਤਖਤ ਸਿੰਘ, ਗੁਰਨਾਮ ਸਿੰਘ ਤੀਰ, ਸੰਤ ਰਾਮ ਉਦਾਸੀ ਅਤੇ ਹੋਰ ਕਿੰਨੇ ਹੀ ਸਾਹਿਤਕਾਰਾਂ ਦਾ ਉਨ੍ਹਾਂ ਮਾਣ ਸਨਮਾਨ ਕੀਤਾ ਤੇ ਦੁੱਖ ਦੀ ਘੜੀ ਵਿੱਚ ਉਹਨਾਂ ਦੀ ਹਰ ਸੰਭਵ..



ਪੰਜਾਬੀ ਸੱਭਿਆਚਾਰ ਦੇ ਬਾਬਾ ਬੋਹੜ, ਮੇਲਿਆਂ ਦੇ ਬਾਦਸ਼ਾਹ, ਕਲਾਕਾਰਾਂ ਨੂੰ ਉਤਸ਼ਾਹਤ ਕਰਨ ਵਾਲੇ, ਗ.ਰੀਬਾਂ ਦੇ ਮਸੀਹਾ ਜਗਦੇਵ ਸਿੰਘ ਜੱਸੋਵਾਲ ਦਾ ਜਨਮ 30 ਅਪ੍ਰੈਲ 1935 ਈਸਵੀ ਨੂੰ ਪਿਤਾ ਜੈਲਦਾਰ ਕਰਤਾਰ ਸਿੰਘ ਦੇ ਘਰ ਮਾਤਾ ਅਮਰ ਕੌਰ ਦੀ ਕੁੱਖ ਤੋਂ ਪਿੰਡ ਜੱਸੋਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਹਨਾਂ ਪ੍ਰਾਇਮਰੀ ਤੱਕ ਦੀ ਵਿੱਦਿਆ ਆਪਣੇ ਜੱਦੀ ਪਿੰਡ ਜੱਸੋਵਾਲ ਸੂਦਾਂ ਦੇ ਸਕੂਲ ਤੋਂ ਪ੍ਰਾਪਤ ਕੀਤੀ। ਸਰਕਾਰੀ ਹਾਈ ਸਕੂਲ ਕਿਲ੍ਹਾ ਰਾਏਪੁਰ ਤੋਂ ਦਸਵੀਂ, ਆਰੀਆ ਕਾਲਜ ਲੁਧਿਆਣਾ ਤੋਂ ਬੀ.ਏ. ਅਤੇ ਪੰਜਾਬੀ ਤੇ ਅਰਥ ਸ਼ਾਸਤਰ ਵਿੱਚ ਐੱਮ.ਏ. ਵਧੀਆ ਅੰਕ ਲੈ ਕੇ ਪਾਸ ਕੀਤੀ। ਮੁਸਲਿਮ ਅਲੀਗੜ੍ਹ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਗੋਲਡ ਮੈਡਲ ਪ੍ਰਾਪਤ ਕਰਕੇ ਕੀਤੀ। ਆਰੀਆ ਕਾਲਜ ਵਿੱਚ ਉਹ ਹਾਲੇ ਪੜ੍ਹ ਹੀ ਰਹੇ ਸਨ ਕਿ ਇੱਕ ਗੁਰਦੁਆਰੇ ਵਿੱਚ ਪੰਜਾਬੀ ਸੂਬੇ ਦੇ ਮੋਰਚੇ ਸੰਬੰਧੀ ਦੀਵਾਨ ਸੁਣਨ ਚਲੇ ਗਏ। ਉਹਨਾਂ ਨੂੰ ਦੀਵਾਨ ਵਿੱਚ ਸੁਣੇ ਵਿਚਾਰਾਂ ਨੇ ਇਹਨਾਂ ਪ੍ਰਭਾਵਿਤ ਕੀਤਾ ਕਿ ਉਹ ਮੋਰਚੇ ਦੇ ਜਥੇ ਨਾਲ ਜ਼ੇਲ੍ਹ ਜਾ ਪੁੱਜੇ। ਉਹਨਾਂ ਨੇ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਡੇਢ ਸਾਲ ਕੈਦ ਕੱਟੀ ਤੇ 5000 ਰੁਪਏ ਜ਼ੁਰਮਾਨਾ ਵੀ ਭਰਿਆ। ਜਗਦੇਵ ਸਿੰਘ ਜੱਸੋਵਾਲ ਦਾ ਵਿਆਹ ਸੁਰਜੀਤ ਕੌਰ ਨਾਲ ਹੋਇਆ। ਉਹਨਾਂ ਦੇ ਗ੍ਰਹਿ ਦੋ ਬੇਟਿਆਂ ਜਸਵਿੰਦਰ ਸਿੰਘ ਤੇ ਸੁਖਮਿੰਦਰ ਸਿੰਘ ਨੇ ਜਨਮ ਲਿਆ। ਉਹਨਾਂ ਨੇ ਸਿਆਸੀ ਜ਼ਿੰਦਗੀ ਦੀ ਸ਼ੁਰੂਆਤ ਪੜ੍ਹਾਈ ਕਰਦਿਆਂ ਹੀ ਕੀਤੀ। ਉਹ ਪਹਿਲਾਂ ਸਰਬ-ਸੰਮਤੀ ਨਾਲ ਪਿੰਡ ਦੇ ਸਰਪੰਚ ਬਣੇ। 1969 ਵਿੱਚ ਉਹ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੇ ਸੈਕਟਰੀ ਬਣੇ, 1972 ਵਿੱਚ ਕਿਲ੍ਹਾ ਰਾਏਪੁਰ ਤੋਂ ਚੋਣ ਨਿਸ਼ਾਨ 'ਤੱਕੜੀ' ਤੇ ਪਹਿਲੀ ਵਿਧਾਨ ਸਭਾ ਦੀ ਚੋਣ ਲੜੀ ਪਰ ਹਾਰ ਗਏ। 1980 ਵਿੱਚ ਕਾਂਗਰਸ ਦੀ ਟਿਕਟ ਤੇ ਰਾਏਕੋਟ ਹਲਕੇ ਤੋਂ ਚੋਣ ਲੜੇ ਤੇ ਜਿੱਤ ਪ੍ਰਾਪਤ ਕਰਕੇ 1985 ਤੱਕ ਵਿਧਾਇਕ ਬਣੇ। 1989 ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ )ਵੱਲੋਂ ਲੁਧਿਆਣਾ ਲੋਕ ਸਭਾ ਹਲਕੇ ਤੋਂ ਚੋਣ ਲੜੀ। ਉਹ ਮਾਸਟਰ ਤਾਰਾ ਸਿੰਘ ਦੇ ਅਕਾਲੀ ਦਲ ਪ੍ਰਧਾਨ ਹੋਣ ਵੇਲੇ ਉਹਨਾਂ ਦੇ ਜਨਰਲ ਸਕੱਤਰ ਵੀ ਰਹੇ। ਜੱਸੋਵਾਲ ਗੋਪਾਲ ਸਿੰਘ ਖਾਲਸਾ ਸਾਬਕਾ ਚੀਫ ਪਾਰਲੀਮਾਨੀ ਸਕੱਤਰ ਦੇ ਵਿਸ਼ਵਾਸਪਾਤਰ ਰਹੇ। 1978 ਵਿੱਚ ਪ੍ਰੋ.ਫ਼ੈਸਰ ਮੋਹਨ ਸਿੰਘ ਦੀ ਮੌਤ ਤੋਂ ਬਾਅਦ ਉਹਨਾਂ ਦੀ ਯਾਦ ਵਿੱਚ ਪ੍ਰੋ.ਫ਼ੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਸਥਾਪਿਤ ਕਰਕੇ 1979 ਤੋਂ ਮੇਲਾ ਲਗਾਉਣਾ ਸ਼ੁਰੂ ਕੀਤਾ। ਉਹ ਮੇਲੇ ਲਈ ਜਿਸ ਤੋਂ ਵੀ ਮਾਇਆ ਲੈਣ ਗਏ ਤਾਂ ਉਹਨਾਂ ਨੂੰ ਦੂਰੋਂ ਦੇਖ ਕੇ ਹੀ ਕਹਿ ਦਿੰਦੇ ਸਨ, ਮੇਲੇ ਵਾਲਾ ਬਾਬਾ ਬੋਹੜ ਆ ਰਿਹਾ ਹੈ। ਉਹਨਾਂ ਨੂੰ ਮਾਇਆ ਦੇਣ ਲਈ ਕਦੇ ਕਿਸੇ ਨੇ ਨਾਂਹ ਨਹੀਂ ਸੀ ਕੀਤੀ। ਉਹਨਾਂ ਆਪ ਵੀ ਇਸ ਮੇਲੇ ਲਈ ਹਰ ਸਾਲ ਦਿਲ ਖੋਲ੍ਹ ਕੇ ਯੋਗਦਾਨ ਪਾਇਆ। ਉਹਨਾਂ ਲਗਾਤਾਰ 35 ਸਾਲ ਇਸ ਮੇਲੇ ਦੀ ਅਗਵਾਈ ਕੀਤੀ। ਉਹਨਾਂ ਇਹ ਮੇਲਾ ਸਿਰਫ਼ ਲੁਧਿਆਣੇ ਵਿੱਚ ਹੀ ਨਹੀਂ ਲਗਾਇਆ ਸਗੋਂ ਪੰਜਾਬ ਦੇ ਹਰ ਵੱਡੇ ਸ਼ਹਿਰ ਇਥੋਂ ਤੱਕ ਕਿ ਅਮਰੀਕਾ, ਕਨੇਡਾ ਤੱਕ ਵੀ ਲਿਜਾ ਕੇ ਪ੍ਰੋ.ਫ਼ੈਸਰ ਮੋਹਨ ਸਿੰਘ ਨੂੰ ਜਿਊਂਦਾ ਰੱਖਿਆ। ਉਹਨਾਂ ਪ੍ਰੋ.ਫ਼ੈਸਰ ਮੋਹਨ ਸਿੰਘ ਦਾ ਬੁੱਤ ਆਰਤੀ ਚੌਕ ਲੁਧਿਆਣਾ ਵਿੱਚ ਸਥਾਪਿਤ ਕਰਵਾਇਆ ਅਤੇ ਪਿੰਡ ਦਾਦ ਜ਼ਿਲ੍ਹਾ ਲੁਧਿਆਣਾ 'ਚ ਉਹਨਾਂ ਦੇ ਨਾਂ ਤੇ ਵਿਰਾਸਤ ਭਵਨ ਬਣਾਇਆ। ਜੱਸੋਵਾਲ ਨੇ ਪੰਜਾਬੀ ਲੇਖਕਾਂ, ਬੁੱਧੀਜੀਵੀਆਂ ਤੇ ਸੰਗੀਤਕਾਰਾਂ ਨੂੰ ਇਸ ਮੇਲੇ ਰਾਹੀਂ ਅੱਤਵਾਦ ਲਹਿਰ ਦੌਰਾਨ ਅਗਵਾਈ ਪ੍ਰਦਾਨ ਕੀਤੀ ਉਹਨਾਂ ਸੈਂਕੜੇ ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਨੂੰ ਸਨਮਾਨਿਤ ਵੀ ਕੀਤਾ। ਚੋਟੀ ਦੇ ਗਾਇਕਾਂ ਤੋਂ ਲੈ ਕੇ ਭੰਡ, ਨਕਲੀਏ ਤੇ ਸਪੇਰੇ ਤੱਕ ਕੋਈ ਵੀ ਉਸ ਦੇ ਦਰ ਤੋਂ ਕਦੇ ਖ਼ਾਲੀ ਨਹੀਂ ਸੀ ਮੁੜਿਆ। ਪ੍ਰੋ.ਫ਼ੈਸਰ ਮੋਹਨ ਸਿੰਘ ਤੋਂ ਇਲਾਵਾ ਪ੍ਰਿੰਸੀਪਲ ਤਖਤ ਸਿੰਘ, ਗੁਰਨਾਮ ਸਿੰਘ ਤੀਰ, ਸੰਤ ਰਾਮ ਉਦਾਸੀ ਅਤੇ ਹੋਰ ਕਿੰਨੇ ਹੀ ਸਾਹਿਤਕਾਰਾਂ ਦਾ ਉਨ੍ਹਾਂ ਮਾਣ ਸਨਮਾਨ ਕੀਤਾ ਤੇ ਦੁੱਖ ਦੀ ਘੜੀ ਵਿੱਚ ਉਹਨਾਂ ਦੀ ਹਰ ਸੰਭਵ ਸਹਾਇਤਾ ਖ਼ੁਦ ਕੀਤੀ। ਰਵਿੰਦਰ ਗਰੇਵਾਲ, ਚਰਨ ਸਿੰਘ ਆਲਮਗੀਰ, ਗੁਣਵੰਤ ਧੰਜਲ, ਰਾਮ ਸਰੂਪ ਰਾਜਸਥਾਨੀ, ਦਲਜੀਤ ਧੂੜਕੋਟੀਆ ਅਤੇ ਹੋਰ ਕਈ ਛੁਪੇ ਕਲਾਕਾਰਾਂ ਦੀ ਬਾਂਹ ਫੜ ਕੇ ਉਹਨਾਂ ਨੂੰ ਸਟੇਜਾਂ ਤੇ ਚੜ੍ਹਾਇਆ, ਇਹ ਸਭ ਕੁਝ ਕਰਨ ਕਰਕੇ ਹੀ ਜੱਸੋਵਾਲ ਦੀ ਸ਼ੋਭਾ ਘਰ-ਘਰ ਹੋਣ ਲੱਗ ਪਈ। ਜਗਦੇਵ ਸਿੰਘ ਜੱਸੋਵਾਲ ਪ੍ਰੋ.ਫ਼ੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਚੇਅਰਮੈਨ, ਕਲਾ ਮੰਚ ਦੇ ਪ੍ਰਧਾਨ, ਇੰਟਰਨੈਸ਼ਨਲ ਚਿਲਡਰਨ ਸੈਂਟਰ ਅੰਮ੍ਰਿਤਸਰ ਦੇ ਸੀਨੀਅਰ ਮੀਤ ਪ੍ਰਧਾਨ, ਡਾਕਟਰ ਐਮ.ਐਸ. ਰੰਧਾਵਾ ਫੋਕ ਆਰਟਸ ਕੌਂਸਲ ਦੇ ਸਰਪ੍ਰਸਤ, ਪੰਜਾਬੀ ਸੰਗੀਤ ਨਾਟਕ ਅਕਾਦਮੀ, ਪੰਜਾਬ ਆਰਟਸ ਕੌਂਸਲ, ਕਲਾ ਦਰਪਣ, ਨੈਸ਼ਨਲ ਪੀਸ ਕੌਂਸਲ, ਜਲੰਧਰ ਦੂਰਦਰਸ਼ਨ ਦੀ ਸੂਬਾ ਸਲਾਹਕਾਰ ਕੌਂਸਲ ਦੇ ਮੈਂਬਰ ਸਨ। ਉਹ ਗੁਰੂ ਗੋਬਿੰਦ ਸਿੰਘ ਫਾਊਂਡੇਸ਼ਨ ਚੰਡੀਗੜ੍ਹ ਦੇ ਪੰਜ ਸਾਲ ਪ੍ਰਧਾਨ, ਪੰਜਾਬ ਸਟੇਟ ਯੂਥ ਵੈਲਫੇਅਰ ਬੋਰਡ ਦੇ ਐਡਵਾਈਜਰ, ਬਿਜਲੀ ਬੋਰਡ, ਸਿੱਖ ਐਜੂਕੇਸ਼ਨਲ ਸੁਸਾਇਟੀ ਚੰਡੀਗੜ੍ਹ ਅਤੇ ਪੰਜਾਬੀ ਸੱਭਿਆਚਾਰ ਅਕਾਦਮੀ ਚੰਡੀਗੜ੍ਹ ਦੇ ਮੈਂਬਰ ਵੀ ਰਹੇ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਪੰਜਾਬੀ ਭਵਨ ਲੁਧਿਆਣਾ ਵਿੱਚ ਹੋਣ ਵਾਲੇ ਸਮਾਗਮਾਂ ਦੇ ਉਹ ਕੇਂਦਰ ਬਿੰਦੂ ਹੁੰਦੇ ਸਨ। ਜੱਸੋਵਾਲ ਪੰਜਾਬ ਵਿਧਾਨ ਸਭਾ ਦੇ ਮੈਂਬਰ, ਡੇਅਰੀ ਵਿਕਾਸ ਕਾਰਪੋਰੇਸ਼ਨ ਅਤੇ ਜੰਗਲਾਤ ਕਾਰਪੋਰੇਸ਼ਨ ਦੇ ਚੇਅਰਮੈਨ ਵੀ ਰਹੇ। ਉਹ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੇ ਸਿਆਸੀ ਸਲਾਹਕਾਰ ਤੇ ਗਿਆਨੀ ਜੈਲ ਸਿੰਘ ਦੇ ਵੀ ਬਹੁਤ ਨੇੜੇ ਰਹੇ। ਆਖਰ ਉਹਨਾਂ ਇੱਕ ਦਿਨ ਸਿਆਸਤ ਤੋਂ ਮੁੱਖ ਮੋੜ ਲਿਆ ਤੇ ਇਹ ਜਾਣ ਲਿਆ ਕਿ ਇਹ ਉਹਨਾਂ ਦੇ ਵੱਸ ਦਾ ਰੋਗ ਨਹੀਂ। ਉਹਨਾਂ ਸਿਆਸਤ ਛੱਡ ਕੇ ਸਾਹਿਤਿਕ ਤੇ ਸੱਭਿਆਚਾਰਕ ਸਰਗਰਮੀਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਉਹਨਾਂ ਦੇ ਲੁਧਿਆਣਾ ਵਾਲੇ ਘਰ (ਜੱਸੋਵਾਲ ਦਾ ਆਲ੍ਹਣਾ) ਦੇ ਦਰਵਾਜ਼ੇ ਸਿਆਸਤਦਾਨਾਂ, ਕਲਾਕਾਰਾਂ, ਸਾਹਿਤਕਾਰਾਂ, ਲੇਖਕਾਂ ਲਈ ਹਮੇਸ਼ਾਂ ਖੁੱਲ੍ਹੇ ਰਹਿੰਦੇ ਸਨ। ਜੱਸੋਵਾਲ ਖੇਡ ਮੇਲਿਆਂ, ਢਾਡੀ ਦਰਬਾਰਾਂ, ਦੰਗਲਾਂ, ਲੋਕ ਗਾਇਕਾਂ ਦੇ ਅਖਾੜਿਆਂ, ਨਾਟਕ ਮੇਲਿਆਂ, ਕਵੀ ਦਰਬਾਰਾਂ, ਕੈਸਿਟ ਰਿਲੀਜ਼ ਸਮਾਗਮਾਂ, ਸਾਹਿਤਕ ਗੋਸ਼ਟੀਆਂ ਅਤੇ ਸਨਮਾਨ ਸਮਾਗਮਾਂ ਦੀ ਜਿੰਦ ਜਾਨ ਹੁੰਦੇ ਸਨ। ਪੰਜਾਬੀ ਸੱਭਿਆਚਾਰ ਦੇ ਬਾਬਾ ਬੋਹੜ ਜਗਦੇਵ ਸਿੰਘ ਜੱਸੋਵਾਲ 79 ਸਾਲ ਦੀ ਉਮਰ ਬਤੀਤ ਕਰਕੇ 22 ਦਸੰਬਰ ਸੰਨ 2014 ਈਸਵੀ ਦਿਨ ਸੋਮਵਾਰ ਨੂੰ ਸਵੇਰੇ 9 ਵਜੇ ਅਕਾਲ ਚਲਾਣਾ ਕਰ ਗਏ।

ਕਰਨੈਲ ਸਿੰਘ ਐੱਮ.ਏ.ਲੁਧਿਆਣਾ
1138/63-ਏ, ਗੁਰੂ ਤੇਗ. ਬਹਾਦਰ ਨਗਰ,
ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ

## ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ 'ਵਾਤਾਵਰਣ ਸਿੱਖਿਆ ਪ੍ਰੋਗਰਾਮ ਪ੍ਰੋਜੈਕਟ' ਦੀ ਸਮਾਪਤੀ ਮੌਕੇ ਸ਼ਾਨਦਾਰ ਪ੍ਰਦਰਸ਼ਨੀ ਦਾ ਆਯੋਜਨ



ਤਲਵੰਡੀ ਸਾਬੋ, 29 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ 'ਮਿਸ਼ਨ ਲਾਈਫ਼' ਤਹਿਤ ਵਾਤਾਵਰਣ ਸਿੱਖਿਆ ਪ੍ਰੋਗਰਾਮ ਅਧੀਨ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ਼ ਵਿਜ਼ੂਅਲ ਐਂਡ ਪਰਫੋਰਮਿੰਗ ਆਰਟਸ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਸੰਬੰਧੀ ਪੰਜਾਬ ਰਾਜ ਵਿਗਿਆਨ ਤਕਨਾਲੋਜੀ ਕੌਂਸਿਲ ਤੇ ਵਾਤਾਵਰਣ ਜੰਗਲਾਤ ਅਤੇ ਮੌਸਮੀ ਬਦਲਾਅ ਮੰਤਰਾਲਾ ਵੱਲੋਂ ਮਿਲੇ ਰਾਸ਼ਟਰੀ ਪ੍ਰੋਜੈਕਟ ਦੀ ਸਮਾਪਤੀ ਫੈਕਲਟੀ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨੀ ਲਗਾ ਕੇ ਕੀਤੀ ਗਈ। ਇਸ ਮੌਕੇ ਉਪ ਕੁਲਪਤੀ ਪ੍ਰੋ.(ਡਾ.)ਐਸ.ਕੇ. ਬਾਵਾ ਨੇ ਕਿਹਾ ਕਿ ਗੁਰੂ ਕਾਸ਼ੀ ਯੂਨੀਵਰਸਿਟੀ ਹਮੇਸ਼ਾ ਹੀ ਸਮਾਜ ਭਲਾਈ ਦੇ ਕੰਮਾਂ ਵਿੱਚ ਮੋਹਰੀ ਰਹਿੰਦੀ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਰਾਹੀਂ ਆਲੇ-ਦੁਆਲੇ ਦੇ ਪਿੰਡਾਂ ਵਿੱਚ ਪਿੰਡ ਵਾਸੀਆਂ ਨੂੰ ਸਥਾਨਕ ਪੰਚਾਇਤਾਂ ਦੇ ਸਹਿਯੋਗ ਨਾਲ ਵਾਤਾਵਰਣ ਪ੍ਰਤੀ ਜਾਗਰੂਕ ਕੀਤਾ ਗਿਆ ਅਤੇ ਲੜਕੀਆਂ ਨੂੰ ਆਰਥਿਕ ਪੱਖੋਂ ਸ੍ਵੈ-ਨਿਰਭਰ ਹੋਣ ਲਈ ਵੱਖ-ਵੱਖ ਕਿਤਿਆਂ ਦੀ ਜਾਣਕਾਰੀ ਦਿੱਤੀ ਗਈ। ਡਾ. ਜਗਤਾਰ ਸਿੰਘ ਧੀਮਾਨ, ਪਰੋ ਵਾਈਸ ਚਾਂਸਲਰ ਨੇ ਦੱਸਿਆ ਕਿ ਪ੍ਰੋਜੈਕਟ ਰਾਹੀਂ ਵਿਦਿਆਰਥੀਆਂ ਵੱਲੋਂ ਬੇਜ਼ੁਬਾਨ ਪੰਛੀਆਂ ਲਈ ਬਣਾਏ ਗਏ ਆਲ੍ਹਣਿਆਂ ਨੇ ਲੋਕਾਂ ਵਿੱਚ ਪਰਿੰਦਿਆਂ ਦੀਆਂ ਲੋੜਾਂ ਸੰਬੰਧੀ ਸੰਵੇਦਨਾ ਪੈਦਾ ਕੀਤੀ ਹੈ। ਕਿਉਂਕਿ ਆਉਣ ਵਾਲੇ ਗਰਮੀ ਦੇ ਮੌਸਮ ਵਿੱਚ ਇਹ ਜੀਵ ਆਪਣੇ ਰਹਿਣ ਬਸੇਰੇ ਲਈ ਭਟਕਦੇ ਹਨ। ਉਨ੍ਹਾਂ ਵਿਦਿਆਰਥੀਆਂ ਵੱਲੋਂ ਲੋਕ ਹਿੱਤ ਵਿੱਚ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ। ਡਾ. ਕੰਵਲਜੀਤ ਕੌਰ, ਪ੍ਰਿੰਸੀਪਲ ਇਨਵੈਸਟੀਗੇਟਰ ਨੇ ਦੱਸਿਆ ਕਿ ਪ੍ਰੋਜੈਕਟ ਦੀ ਸਮਾਪਤੀ ਮੌਕੇ ਵਿਦਿਆਰਥੀਆਂ ਵੱਲੋਂ ਬਣਾਈਆਂ ਪੇਂਟਿੰਗਸ, ਕਲਾ-ਕ੍ਰਿਤੀਆਂ, ਘਰ ਦੇ ਫਾਲਤੂ ਸਮਾਨ ਤੋਂ ਤਿਆਰ ਕੀਤੇ ਆਲ੍ਹਣੇ, ਪਾਣੀ ਦੀ ਸਾਂਭ ਸੰਭਾਲ ਦੇ ਮਾਡਲ, ਜੈਵਿਕ ਖਾਦ ਤੇ ਵਾਤਾਵਰਣ ਪੱਖੀ ਵਸਤਾਂ ਦੀ ਸ਼ਾਨਦਾਰ ਪ੍ਰਦਰਸ਼ਨੀ ਲਗਾਈ ਗਈ। ਜਿਸ ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਉਨ੍ਹਾਂ ਦੱਸਿਆ ਕਿ ਪ੍ਰੋਜੈਕਟ ਅਧੀਨ ਵਿਦਿਆਰਥੀਆਂ ਵੱਲੋਂ ਵਾਤਾਵਰਣ ਸੰਬੰਧਿਤ ਫੋਟੋਗ੍ਰਾਫੀ, ਬਾਰਿਸ਼ ਦੇ ਪਾਣੀ ਦੀ ਸਾਂਭ-ਸੰਭਾਲ, ਜੈਵਿਕ ਖਾਦ ਆਦਿ ਬਣਾਉਣ ਦੇ ਮੁਕਾਬਲੇ ਵੀ ਕਰਵਾਏ ਗਏ ਤੇ ਇਸ ਪ੍ਰਤੀ ਲੋਕਾਂ ਨੂੰ ਸਕਿਟ ਅਤੇ ਨਾਟਕਾਂ ਦੇ ਮਾਧਿਅਮ ਰਾਹੀਂ ਜਾਗਰੂਕ ਕੀਤਾ ਗਿਆ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਵਰਸਿਟੀ ਨੂੰ ਭਵਿੱਖ ਵਿੱਚ ਹੋਰ ਪ੍ਰੋਜੈਕਟ ਮਿਲਣ ਤੇ ਵਾਤਾਵਰਣ ਪੱਖੀ ਜਾਗਰੂਕਤਾ ਅਭਿਆਨ ਨੂੰ ਹੋਰ ਹੱਲਾ ਸ਼ੇਰੀ ਮਿਲੇਗੀ ਤੇ ਫੈਕਲਟੀ ਤਨਦੇਹੀ ਨਾਲ ਇਸ ਖੇਤਰ ਵਿੱਚ ਕੰਮ ਕਰਦੀ ਰਹੇਗੀ।

# ਇੱਕ ਨਜ਼ਰ



## ਅਕਾਲ ਯੂਨੀਵਰਸਿਟੀ ਦੇ ਸ੍ਰੀ ਗੁਰੁ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ ਸੈਮੀਨਾਰ ਦਾ ਆਯੋਜਿਤ

ਤਲਵੰਡੀ ਸਾਬੋ, 29 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਅਕਾਲ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਹ ਸੈਮੀਨਾਰ ਮਾਤਾ ਕੁਲਵੰਤ ਕੌਰ ਅਤੇ ਭਾਈ ਸੰਦਰ ਸਿੰਘ ਬਵੇਜਾ ਦੀ ਯਾਦ ਵਿਚ ਕਰਵਾਇਆ ਗਿਆ, ਜਿਸਦਾ ਵਿਸ਼ਾ 'ਛੋਟੇ ਸਾਹਿਬਜਾਦਿਆਂ ਦਾ ਜੀਵਨ ਤੇ ਸ਼ਹਾਦਤ' ਸੀ। ਸ. ਪ੍ਰਕਾਸ਼ ਸਿੰਘ ਬਵੇਜਾ ਨੇ ਆਪਣੇ ਦੁਆਰਾਂ ਲਿਖੀ ਕਿਤਾਬ "ਸਿੱਖ ਧਰਮ ਦੇ ਵਾਧੇ ਦਾ ਉਪਰਾਲਾ ਅਤੇ ਵਿਧੀ" ਬਾਰੇ ਦੱਸਿਆ ਅਤੇ ਸਿੱਖ ਧਰਮ ਦੇ ਵਿਕਾਸ ਦੇ ਅਹਿਮ ਇਤਿਹਾਸਕ ਤੇ ਸਿਧਾਂਤਕ ਪਹਿਲੂਆਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ। ਉਪਰੰਤ ਯੂਨੀਵਰਸਿਟੀ ਦੇ ਵੱਖ ਵੱਖ ਵਿਭਾਗਾਂ ਦੇ 10 ਵਿਦਿਆਥੀਆਂ ਨੇ ਛੋਟੇ ਸਾਹਿਬਜਾਂਦਿਆ ਨੂੰ ਸਮਰਪਿਤ ਲੈਕਚਰ ਕੀਤੇ। ਇਸ ਸੈਮੀਨਾਰ ਵਿੱਚ ਲੈਕਚਰ ਕਰਨ ਵਾਲੇ ਹਰੇਕ ਵਿਦਿਆਰਥੀ ਨੂੰ ਉਤਸ਼ਾਹਿਤ ਕਰਨ ਹਿੱਤ 500 ਰੁਪਏ ਦੀ ਇਨਾਮ ਰਾਸ਼ੀ ਦਿੱਤੀ ਗਈ। ਇਸ ਮੌਕੇ ਨਰਿੰਦਰ ਸਿੰਘ ਬਵੇਜਾ ਜੀ ਨੇ ਆਪਣੇ ਮਾਤਾ-ਪਿਤਾ ਦੇ ਸਿੱਖੀ ਨੂੰ ਸਮਰਪਿਤ ਜੀਵਨ ਬਾਰੇ ਦਸਦੇ ਹੋਏ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ। ਇਸ ਸੈਮੀਨਾਰ ਵਿੱਚ ਵੱਖ-ਵੱਖ ਵਿਭਾਗਾਂ ਦੇ 300 ਤੋਂ ਵੱਧ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਸਟੇਜ ਸੰਚਾਲਕ ਦੀ ਭੂਮਿਕਾ ਸ. ਸੁਖਦੀਪ ਸਿੰਘ ਨੇ ਨਿਭਾਈ। ਅੰਤ ਵਿਚ ਵਾਈਸ ਚਾਂਸਲਰ ਪ੍ਰੋਫ਼ੈਸਰ ਗੁਰਮੇਲ ਸਿੰਘ ਨੇ ਮੰਚ ਤੋਂ ਬਵੇਜਾ ਪਰਿਵਾਰ ਦਾ ਧੰਨਵਾਦ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਲੈਕਚਰ ਪੇਸ਼ਕਾਰੀ ਸੰਬੰਧੀ ਮਹੱਤਵਪੂਰਨ ਨੁਕਤਿਆਂ ਤੋਂ ਜਾਣੂ ਕਰਵਾਇਆ।

## ਸ਼ੇਲਿੰਦਰਜੀਤ ਸਿੰਘ ਰਾਜਨ ਦਾ ਗੁਰਦਿਆਲ ਸਿੰਘ ਫੁੱਲ ਯਾਦਗਾਰੀ ਐਵਾਰਡ ਨਾਲ ਸਨਮਾਨ 1 ਮਈ ਨੂੰ

ਚੌਕ ਮਹਿਤਾ, 29 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)- ਜਸਪਾਲ ਸਿੰਘ ਹੰਜਰਾਅ ਸਾਹਿਤਕ ਮੰਚ



ਫਤਿਹਗੜ੍ਹ ਚੂੜੀਆਂ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਮਿਤੀ 1 ਮਈ 2024, ਦਿਨ ਬੁੱਧਵਾਰ ਨੂੰ ਸੰਤ ਬਾਬਾ ਜਗਤ ਸਿੰਘ ਸੀ: ਸੈ: ਸਕੂਲ ਹਰਸ਼ਾ ਛੀਨਾ, ਅੰਮ੍ਰਿਤਸਰ ਵਿਖੇ ਕਰਵਾਇਆ ਜਾ ਰਿਹਾ ਹੈ।ਸਮਾਗਮ ਦੇ ਪ੍ਰਬੰਧਕਾਂ ਡਾ: ਸੁਖਵਿੰਦਰ ਸਿੰਘ, ਹਰਪਾਲ ਸਿੰਘ ਨਾਗਰਾ ਅਤੇ ਰਾਜਪਾਲ ਸਿੰਘ ਬਾਠ ਦੀ ਸੂਚਨਾ ਅਨੁਸਾਰ ਇਸ ਮੌਕੇ ਉੱਘੇ ਲੇਖਕ, ਪੱਤਰਕਾਰ ਅਤੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ: ਸ਼ੇਲਿੰਦਰਜੀਤ ਸਿੰਘ 'ਰਾਜਨ' ਨੂੰ ਸ: ਗੁਰਦਿਆਲ ਸਿੰਘ ਫੁੱਲ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ । ਇਸਤੋਂ ਇਲਾਵਾ ਸ: ਗੁਰਮੀਤ ਸਿੰਘ ਬਾਜਵਾ ਨੂੰ ਸ: ਜਸਵੰਤ ਸਿੰਘ ਰਾਹੀ ਐਵਾਰਡ ਨਾਲ ਸਨਮਾਨਿਤ ਕੀਤਾ ਜਾਵੇਗਾ । ਇਸ ਦੌਰਾਨ ਹੀ ਪ੍ਰਵਾਸੀ ਸ਼ਾਇਰ ਰੁਪਿਮਦਰ ਕੌਰ ਨਾਗਰਾ ਦੀ ਕਾਵਿ ਪੁਸਤਲ "ਚੇਤਨਾ ਦੀ ਲੋਅ" ਅਤੇ ਲਵਲੀਨ ਕੌਰ ਛੀਨਾ ਦੀ ਸੰਪਾਦਿਤ ਪੁਸਤਕ "ਸ਼ਗਨਾਂ ਦੇ ਗੀਤ: ਵੀ ਲੋਕ ਅਰਪਿਤ ਕੀਤੀ ਜਾਵੇਗੀ ।

## ਚੱਠਾ ਯੂ ਕੇ ਦਾ ਆਸਟਰੇਲੀਆ ਵਿਖੇ ਮੈਲਬੌਰਨ ਕਬੱਡੀ ਅਕੈਡਮੀ ਵੱਲੋਂ ਸਨਮਾਨ ਕੀਤਾ



ਆਸਟਰੇਲੀਆ , ਨਕੋਦਰ, ਮਹਿਤਪੁਰ, 29 ਅਪ੍ਰੈਲ (ਹਰਜਿੰਦਰ ਪਾਲ ਛਾਬੜਾ) – ਆਸਟਰੇਲੀਆ ਦੀ ਕਬੱਡੀ ਵਿੱਚ ਵਿਲੱਖਣ ਸਥਾਨ ਰੱਖਣ ਵਾਲੀ ਖੇਡ ਸੰਸਥਾ ਮੈਲਬੌਰਨ ਕਬੱਡੀ ਅਕੈਡਮੀ ਜੋ ਸਮੇਂ ਸਮੇਂ ਤੇ ਖੇਡਾਂ ਦੇ ਖੇਤਰ ਵਿਚ ਆਪਣਾ ਯੋਗਦਾਨ ਪਾਉਣ ਲਈ ਜਾਣੀ ਜਾਂਦੀ ਹੈ। ਇਸ ਖੇਡ ਕਲੱਬ ਦਾ ਆਸਟਰੇਲੀਆ ਦੀਆਂ ਖੇਡ ਗਤਵਿਧੀਆਂ ਵਿਚ ਅਹਿਮ ਯੋਗਦਾਨ ਹੈ।ਸ੍ਰ ਕੁਲਦੀਪ ਸਿੰਘ ਬਾਸੀ ਭਲਵਾਨ ਜਿੰਨਾ ਨੇ ਸਾਰਾ ਜੀਵਨ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਸਮਰਪਿਤ ਕੀਤਾ ਹੈ ਉਹਨਾਂ ਦੇ ਸਾਥੀਆਂ ਵਾਲੀ ਇਸ ਖੇਡ ਸੰਸਥਾ ਨੇ ਖੇਡਾਂ ਨਾਲ਼ ਜੁੜੀ ਹਰ ਸ਼ਖ਼ਸੀਅਤ ਨੂੰ ਮਾਣ ਦਿੱਤਾ ਹੈ।ਪਿਛਲੇ ਦਿਨੀਂ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸੀਨੀਅਰ ਆਹੁਦੇਦਾਰ ਟਿਲਫੋਰਡ ਕਲੱਬ ਦੇ ਪ੍ਰਮੋਟਰ ਸ੍ਰ ਬਲਵਿੰਦਰ ਸਿੰਘ ਚੱਠਾ ਆਪਣੀ ਆਸਟਰੇਲੀਆ ਫੇਰੀ ਦੌਰਾਨ ਇੱਥੇ ਪੁੱਜੇ। ਜਿੰਨਾ ਦਾ ਮੈਲਬੌਰਨ ਕਬੱਡੀ ਅਕੈਡਮੀ ਦੇ ਪ੍ਰਧਾਨ ਸ੍ਰ ਹਰਦੇਵ ਸਿੰਘ ਗਿੱਲ ਦੀ ਅਗਵਾਈ ਵਿੱਚ ਉਹਨਾਂ ਦੀ ਸਮੁੱਚੀ ਐਮ ਕੇ ਏ ਵੱਲੋ ਸ਼ਾਨਦਾਰ ਸਨਮਾਨ ਕੀਤਾ ਗਿਆ।ਇਸ ਮੌਕੇ ਸ੍ਰ ਕੁਲਦੀਪ ਸਿੰਘ ਬਾਸੀ ਭਲਵਾਨ ਨੇ ਦੱਸਿਆ ਕਿ ਸ੍ਰ ਚੱਠਾ ਪਿਛਲੇ ਲੰਮੇ ਸਮੇਂ ਤੋਂ ਯੂ ਕੇ ਕਬੱਡੀ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। ਅੱਜ ਅਸੀਂ ਉਹਨਾ ਦਾ ਇਥੇ ਪੁੱਜਣ ਤੇ ਅਦਬੀ ਮਾਣ ਸਨਮਾਨ ਕੀਤਾ।ਇਸ ਮੌਕੇ ਕੁਲਦੀਪ ਸਿੰਘ ਬਾਸੀ ਭਲਵਾਨ, ਸੁਖਦੇਵ ਸਿੰਘ ਵਿਰਕ, ਹਰਪਾਲ ਸਿੰਘ ਖਜ਼ਾਨਚੀ,ਮਨਜੀਤ ਸਿੰਘ ਢੇਸੀ, ਮੀਕਾ ਮੱਲ੍ਹੀ, ਰਵਿੰਦਰ ਸਿੰਘ ਰਾਇਤ ਸੁਖਦੀਪ ਸਿੰਘ ਦਿਓਲ,ਗੁਰਦੀਪ ਸਿੰਘ ਜੌਹਲ, ਹਰਪ੍ਰੀਤ ਚੀਮਾ,ਹਰਜਿੰਦਰ ਸਿੰਘ ਅਟਵਾਲ,ਦਲਵੀਰ ਗਿੱਲ,ਹਰਦੇਵ ਗਿੱਲ,ਲਵਜੀਤ ਸੰਘਾ,ਤੀਰਥ ਪੱਡਾ,ਹਰਦੀਪ ਸਿੰਘ ਬਾਸੀ, ਅਵਤਾਰ ਸਿੰਘ ਹਾਜ਼ਰ ਸਨ।

### ਕੇਂਦਰ ਦੀ ਬੀਜੇਪੀ ਹਕੂਮਤ ਦੀ ਤਾਕਤ ਦੇ ਡਰ, ਜਾਂ ਸਿਆਸੀ ਤੇ ਮਾਲੀ ਲਾਲਸਾਵਾਂ ਅਧੀਨ

# ਸਿੱਖੀ ਸਿਧਾਤਾਂ ਤੇ ਸੋਚ ਨੂੰ ਤਿਲਾਜ਼ਲੀ ਦੇ ਕੇ 7 ਦਿੱਲੀ ਗੁਰਦੁਆਰਾ ਕਮੇਟੀ ਮੈਂਬਰਾਂ ਵਲੋਂ ਭਾਜਪਾਈ ਬਣਨਾ ਅਫਸੋਸ਼ਜਨਕ: ਮਾਨ



ਨਵੀਂ ਦਿੱਲੀ, 29 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ): "ਬੀਤੇ ਕੁਝ ਦਿਨ ਪਹਿਲੇ ਜੋ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 7 ਮੈਬਰਾਂ ਅਤੇ ਹੋਰਨਾਂ ਸਿੱਖਾਂ ਵੱਲੋਂ ਮੁਤੱਸਵੀ ਪੰਜਾਬ ਤੇ ਸਿੱਖ ਕੌਮ ਵਿਰੋਧੀ ਜਮਾਤ ਬੀਜੇਪੀ-ਆਰ.ਐਸ.ਐਸ. ਵਿਚ ਜੋ ਤਾਕਤ ਦੇ ਪ੍ਰਭਾਵ ਹੇਠ ਆ ਕੇ ਉਨ੍ਹਾਂ ਦੇ ਗੁੰਮਰਾਹਕੁੰਨ ਪ੍ਰਚਾਰ ਵਿਚ ਫਸਕੇ ਇਸ ਜਮਾਤ ਵਿਚ ਸਾਮਿਲ ਹੋਣ ਦਾ ਐਲਾਨ ਕੀਤਾ ਗਿਆ ਹੈ, ਉਹ ਪੰਜਾਬ ਸੂਬੇ ਅਤੇ ਖ਼ਾਲਸਾ ਪੰਥ ਦੀਆਂ ਪੁਰਾਤਨ ਮਹਾਨ ਸਿਧਾਤਿਕ ਰਵਾਇਤਾ ਅਤੇ ਸੋਚ ਨੂੰ ਤਿਲਾਜ਼ਲੀ ਦੇ ਕੇ ਸਮੁੱਚੀ ਸਿੱਖ ਕੌਮ ਦੇ ਮਨ-ਆਤਮਾਵਾ ਨੂੰ ਠੇਸ ਪਹੁੰਚਾਉਣ ਦੀਆਂ ਦਿਸ਼ਾਹੀਣ, ਅਫਸੋਸਨਾਕ ਅਮਲ ਕੀਤੇ ਗਏ ਹਨ । ਜਿਸ ਨੂੰ ਕੋਈ ਵੀ ਗੁਰੂ ਦਾ ਸਿੱਖ ਕਦੀ ਵੀ ਪ੍ਰਵਾਨ ਨਹੀ ਕਰ ਸਕਦਾ । ਇਸ ਲਈ ਇਨ੍ਹਾਂ ਗੁੰਮਰਾਹ ਹੋਏ ਸਿੱਖਾਂ ਵੱਲੋ ਜੋ ਉਪਰੋਕਤ ਅਮਲ ਕੀਤਾ ਗਿਆ ਹੈ, ਉਨ੍ਹਾਂ ਦੀਆਂ ਆਪਣੀਆ ਖੁਦ ਦੀਆਂ ਆਤਮਾਵਾ ਵੀ ਉਨ੍ਹਾਂ ਨੂੰ ਕੁਝ ਹੀ ਸਮੇ ਬਾਅਦ ਦੋਸ਼ੀ ਠਹਿਰਾਉਣਗੀਆਂ । ਕਿਉਂਕਿ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਸਮੇਂ ਦੇ ਹੁਕਮਰਾਨਾਂ ਦੇ ਜ਼ਬਰ ਜੁਲਮਾਂ ਅੱਗੇ ਕਦੀ ਵੀ ਈਨ ਨਾ ਮੰਨਣ ਅਤੇ ਉਨ੍ਹਾਂ ਵੱਲੋ ਭੇਜੀਆ ਕੀਮਤੀ ਸੌਗਾਤਾਂ ਨੂੰ ਠੁਕਰਾਕੇ ਦ੍ਰਿੜਤਾ ਨਾਲ ਖ਼ਾਲਸਾ ਪੰਥ ਦੀ ਸੋਚ ਤੇ ਪਹਿਰਾ ਦੇਣ ਦਾ ਸਾਨੂੰ ਹੁਕਮ ਕੀਤਾ ਹੈ । ਲੇਕਿਨ ਇਨ੍ਹਾਂ ਸਿੱਖਾਂ ਨੇ ਗੁਰੂ ਦੀ ਸੋਚ ਤੇ ਸਮੁੱਚੇ ਖਾਲਸਾ ਪੰਥ ਨੂੰ ਪਿੱਠ ਦੇ ਕੇ ਕੇਵਲ ਆਪਣੇ ਪਰਿਵਾਰਾਂ ਅਤੇ ਖਾਨਦਾਨਾਂ ਦੇ ਭਵਿੱਖ ਨੂੰ ਹੀ ਦਾਗੀ ਨਹੀ ਕੀਤਾ । ਬਲਕਿ ਗਲਤ ਸੰਦੇਸ਼ ਦੇਣ ਦੀ ਬਜਰ ਗੁਸਤਾਖੀ ਕੀਤੀ ਹੈ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਦਿਨੀਂ ਸੈਂਟਰ ਦੀ ਬੀਜੇਪੀ ਹਕੂਮਤ ਦੀ ਤਾਕਤ ਦੇ ਡਰ, ਜਾਂ ਸਿਆਸੀ ਤੇ ਮਾਲੀ ਲਾਲਸਾਵਾਂ ਅਧੀਨ ਸਿੱਖੀ ਸਿਧਾਤਾਂ ਤੇ ਸੋਚ ਨੂੰ ਤਿਲਾਜ਼ਲੀ ਦੇ ਕੇ 7 ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਬਰਾਂ ਅਤੇ ਵੱਡੀ ਗਿਣਤੀ ਵਿਚ ਸਿੱਖਾਂ ਵੱਲੋ ਬੀਜੇਪੀ ਵਰਗੀ ਜਾਲਮ ਪੰਜਾਬ ਤੇ ਸਿੱਖ ਕੌਮ ਵਿਰੋਧੀ ਜਮਾਤ ਦੀ ਗੁਲਾਮੀਅਤ ਨੂੰ ਪ੍ਰਵਾਨ ਕਰਨ ਦੇ ਕੀਤੇ ਗਏ ਦੁੱਖਦਾਇਕ ਅਮਲਾਂ ਉਤੇ ਡੂੰਘਾਂ ਅਫਸੋਸ ਜਾਹਰ ਕਰਦੇ ਹੋਏ ਅਤੇ ਇਨ੍ਹਾਂ ਗਲਤ ਫੈਸਲਾ ਕਰਨ ਵਾਲੇ ਸਿੱਖਾਂ ਦੀ ਜਮੀਰ ਨੂੰ ਝਿਜੋੜਦੇ ਹੋਏ ਜਾਹਰ ਕੀਤੇ । ਉਨ੍ਹਾਂ ਕਿਹਾ ਕਿ ਅਜਿਹਾ ਖਾਲਸਾ ਪੰਥ ਵਿਰੋਧੀ ਕਦਮ ਉਠਾਉਣ ਤੋ ਪਹਿਲੇ ਇਨ੍ਹਾਂ ਗੁੰਮਰਾਹ ਹੋਏ ਜਾਂ ਲਾਲਚ ਵੱਸ ਹੋਏ ਸਿੱਖਾਂ ਨੂੰ ਆਪਣੇ ਜਹਿਨ ਵਿਚ ਇਸ ਗੱਲ ਨੂੰ ਰਿੜਕਣਾ ਬਣਦਾ ਸੀ ਕਿ ਜੋ ਬੀਜੇਪੀ ਦੀ ਮੋਦੀ-ਸਾਹ ਹਕੂਮਤ ਦੀ ਅਗਵਾਈ ਹੇਠ ਕੈਨੇਡਾ, ਬਰਤਾਨੀਆ, ਪਾਕਿਸਤਾਨ, ਅਮਰੀਕਾ, ਹਰਿਆਣਾ ਤੇ ਪੰਜਾਬ ਵਿਚ ਸਿਰਕੱਢ ਸਿੱਖ ਕੌਮ ਦੀ ਆਜਾਦੀ ਚਾਹੁੰਣ ਵਾਲੇ ਸਿੱਖਾਂ ਨੂੰ ਸਾਜਸੀ ਢੰਗਾਂ ਰਾਹੀ ਨਿਸ਼ਾਨਾਂ ਬਣਾਕੇ ਅਣਮਨੁੱਖੀ ਢੰਗਾਂ ਰਾਹੀ ਕਤਲ ਕੀਤਾ ਗਿਆ ਹੈ ਜਿਨ੍ਹਾਂ ਵਿਚ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ, ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ ਅਤੇ ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਪੰਜਾਬ । ਜਿਸ ਲਈ ਮੋਦੀ-ਸਾਹ ਦੀ ਅਗਵਾਈ ਹੇਠ ਕੰਮ ਕਰ ਰਹੀਆ ਏਜੰਸੀਆ ਰਾਅ, ਆਈ.ਬੀ, ਐਨ.ਆਈ.ਏ ਮਿਲਟਰੀ ਇੰਨਟੈਲੀਜੈਂਸ, ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਵਿਦੇਸ ਵਜੀਰ ਜੈਸੰਕਰ ਸਿੱਧੇ ਤੌਰ ਤੇ ਸਿੱਖਾਂ ਦੇ ਕਤਲ ਲਈ ਜਿੰਮੇਵਾਰ ਹਨ, ਇਸਦੇ ਸੱਚ ਨੂੰ ਕੈਨੇਡਾ ਤੇ ਅਮਰੀਕਾ ਨੇ ਤੱਥਾਂ ਸਹਿਤ ਸੰਸਾਰ ਸਾਹਮਣੇ ਰੱਖ ਦਿੱਤਾ ਹੈ । ਫਿਰ ਵੀ ਅਜਿਹੀ ਜਾਬਰ ਜਮਾਤ ਦੀ ਅਗਵਾਈ ਨੂੰ ਕਬੂਲਣ ਦੇ ਅਮਲ ਜਾਂ ਤਾਂ ਇਨ੍ਹਾਂ ਸਿੱਖਾਂ ਦੀਆਂ ਵੱਡੀਆ ਸਿਆਸੀ ਤੇ ਮਾਲੀ ਲਾਲਸਾਵਾ ਹੋ ਸਕਦੀਆਂ ਹਨ ਜਾਂ ਫਿਰ ਇਨ੍ਹਾਂ ਸਿੱਖਾਂ ਵੱਲੋ ਆਪਣੇ ਜੀਵਨ ਦੌਰਾਨ ਕੀਤੇ ਗਏ ਗੈਰ ਕਾਨੂੰਨੀ ਅਮਲਾਂ ਦੀਆਂ ਸਜਾਵਾਂ ਦੇ ਡਰ ਤੋਂ ਬਚਣ ਲਈ ਬੀਜੇਪੀ ਵਰਗੀ ਜਾਬਰ ਜਮਾਤ ਦੀ ਅਧੀਨਗੀ ਪ੍ਰਵਾਨ ਕੀਤੀ ਗਈ ਹੈ । ਇਥੇ ਇਹ ਵਰਣਨ ਕਰਨਾ ਜਰੂਰੀ ਹੈ ਕਿ 14 ਦਸੰਬਰ 2023 ਨੂੰ ਅੰਮ੍ਰਿਤਸਰ ਵਿਖੇ ਹੋਈ ਬਾਦਲ ਦਲ ਦੇ ਸਮੁੱਚੇ ਅਹੁਦੇਦਾਰਾਂ ਦੀ ਇਕ ਹੋਈ ਇਕੱਤਰਤਾ ਵਿਚ ਸਰਬਸੰਮਤੀ ਨਾਲ 20 ਦਸੰਬਰ 2023 ਨੂੰ ਦਿੱਲੀ ਵਿਖੇ ਸਮੁੱਚੇ ਸਿੱਖ ਬੰਦੀਆਂ ਦੀ ਰਿਹਾਈ ਲਈ ਰੋਸ਼ ਮਾਰਚ ਕਰਨ ਦੀ ਪ੍ਰੋਗਰਾਮ ਉਲੀਕਿਆ ਗਿਆ ਸੀ ਜਿਸ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਹੋਰ ਪੰਥਕ ਜਥੇਬੰਦੀਆਂ ਨੇ ਵੀ ਆਪਣਾ ਇਖਲਾਕੀ ਫਰਜ ਸਮਝਕੇ ਮੋਦੀ ਦੀ ਬੀਜੇਪੀ ਹਕੂਮਤ ਦੇ ਸਿੱਖ ਵਿਰੋਧੀ ਅਮਲਾਂ ਲਈ ਰੋਸ ਜਾਹਰ ਕਰਨਾ ਸੀ । ਉਸ ਰੋਸ ਮਾਰਚ ਨੂੰ ਇਨ੍ਹਾਂ ਬਾਦਲ ਦਲੀਆ ਨੇ ਬੀਜੇਪੀ ਦੇ ਹੁਕਮਾਂ ਉਤੇ ਰੱਦ ਕਰ ਦਿੱਤਾ ਸੀ । ਇਹ ਉਹੀ ਸਿੱਖ ਹਨ ਜਾਂ ਬਾਦਲ ਦਲੀਏ ਹਨ ਜਿਨ੍ਹਾਂ ਵੱਲੋ ਕੈਨੇਡਾ, ਬਰਤਾਨੀਆ, ਪਾਕਿਸਤਾਨ, ਪੰਜਾਬ ਤੇ ਹਰਿਆਣੇ ਵਿਚ ਹੁਕਮਰਾਨਾਂ ਵੱਲੋ ਕਤਲ ਕੀਤੇ ਗਏ, ਉਨ੍ਹਾਂ ਸੰਬੰਧੀ ਇਕ ਵੀ ਸ਼ਬਦ ਇਨ੍ਹਾਂ ਦੇ ਮੂੰਹੋ ਨਹੀ ਨਿਕਲਿਆ । ਫਿਰ ਅਜਿਹਾ ਅਮਲ ਕਰਨ ਵਾਲਿਆ ਨੂੰ ਅਸੀ ਜਨਤਕ ਤੌਰ ਤੇ ਪੁੱਛਣਾ ਚਾਹਵਾਂਗੇ ਕਿ ਅਜਿਹੇ ਸਮਿਆ ਤੇ ਉਨ੍ਹਾਂ ਦੇ ਮੂੰਹਾਂ ਤੇ ਜੁਬਾਨਾਂ ਨੂੰ ਜਿੰਦਰੇ ਕਿਉਂ ਲੱਗ ਜਾਂਦੇ ਹਨ ? ਇਹ ਸਭ ਬੀਜੇਪੀ ਵਿਚ ਜਾਣ ਵਾਲੇ ਸਿੱਖ ਇਨ੍ਹਾਂ ਬਾਦਲ ਦਲੀਆ ਦੀ ਸੋਚ ਦੇ ਪੈਰੋਕਾਰ ਹਨ । ਜੋ ਸਮੇ-ਸਮੇ ਤੇ ਪੰਜਾਬ ਸੂਬੇ ਤੇ ਸਿੱਖ ਕੌਮ ਵਿਰੋਧੀ ਜਮਾਤਾਂ ਨਾਲ ਨਿਰੰਤਰ ਸਾਂਠ-ਗਾਂਠ ਕਰਦੇ ਆਏ ਹਨ ਅਤੇ ਪੰਥ ਦੀ ਪਿੱਠ ਵਿਚ ਛੁਰਾ ਮਾਰਨ ਦੇ ਆਦੀ ਹਨ । ਇਸ ਲਈ ਸਿੱਖ ਕੌਮ ਨੂੰ ਇਨ੍ਹਾਂ ਸਿੱਖਾਂ ਦੇ ਜਾਣ ਦੇ ਹੋਏ ਵਰਤਾਰੇ ਤੋ ਕਿਸੇ ਤਰ੍ਹਾਂ ਵੀ ਨਮੋਸੀ ਜਾਂ ਪ੍ਰਭਾਵ ਵਿਚ ਨਹੀ ਆਉਣਾ ਚਾਹੀਦਾ ਬਲਕਿ ਖਾਲਸਾ ਪੰਥ ਦੇ ਮਿੱਥੇ ਨਿਸ਼ਾਨੇ, ਸਿਧਾਂਤ ਅਤੇ ਸੋਚ ਉਤੇ ਦ੍ਰਿੜਤਾ ਨਾਲ ਪਹਿਰਾ ਦਿੰਦੇ ਹੋਏ ਜਿਥੇ ਆਪਣੀ ਮੰਜਿਲ ਵੱਲ ਵੱਧਦੇ ਰਹਿਣਾ ਚਾਹੀਦਾ ਹੈ ਅਤੇ ਕਦੀ ਵੀ ਇਨ੍ਹਾਂ ਫ਼ਾਂਸੀਵਾਦ ਤਾਕਤਾਂ ਅੱਗੇ ਸੀਸ ਨਹੀ ਝੁਕਾਉਣੀ । ਸਾਨੂੰ ਗੁਰੂ ਸਾਹਿਬਾਨ ਵੱਲੋ ਹਰ ਤਰ੍ਹਾਂ ਦੇ ਜ਼ਬਰ ਜੁਲਮ, ਬੇਇਨਸਾਫ਼ੀ, ਵਿਤਕਰੇ ਵਿਰੁੱਧ ਦ੍ਰਿੜਤਾ ਨਾਲ ਬਿਨ੍ਹਾਂ ਕਿਸੇ ਡਰ ਭੈ ਤੋ ਆਵਾਜ਼ ਉਠਾਉਣ ਅਤੇ ਸੰਘਰਸ ਕਰਨ ਦੇ ਹੁਕਮ ਹਨ । ਇਨ੍ਹਾਂ ਸਿੱਖਾਂ ਦੀ ਮੰਦਭਾਵਨਾ ਇਸ ਗੱਲ ਤੋ ਵੀ ਪ੍ਰਤੱਖ ਹੋ ਜਾਂਦੀ ਹੈ ਕਿ ਇਨ੍ਹਾਂ ਸਿੱਖਾਂ ਦੀ ਬਦੌਲਤ ਹੀ ਮੇਰੇ ਅਤੇ ਮੇਰੀ ਪਾਰਟੀ ਖਿਲਾਫ਼ ਆਪਣੇ ਬੰਦੇ ਖੜ੍ਹੇ ਕਰ ਦਿੱਤੇ ਹਨ । ਇਸ ਲਈ ਹੁਣ ਸਿੱਖ ਕੌਮ ਨੂੰ ਸਮੁੱਚੇ ਹਾਲਾਤਾਂ ਨੂੰ ਅਤੇ ਸਾਜਿਸਾਂ ਨੂੰ ਮੱਦੇਨਜਰ ਰੱਖਦੇ ਹੋਏ ਇਹ ਜਿੰਮੇਵਾਰੀ ਬਣਦੀ ਹੈ ਕਿ ਪੰਜਾਬ, ਹਰਿਆਣਾ, ਜੰਮੂ-ਕਸਮੀਰ, ਚੰਡੀਗੜ੍ਹ ਵਿਖੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਪੰਥਕ ਸਹਿਯੋਗੀਆਂ ਵੱਲੋ ਖੜ੍ਹੇ ਕੀਤੇ ਗਏ ਉਮੀਦਵਾਰਾਂ ਨੂੰ ਹਰ ਪੱਖੋ ਸਹਿਯੋਗ ਕਰਕੇ ਸਾਨਦਾਰ ਢੰਗ ਨਾਲ ਜਿਤਾਕੇ ਪਾਰਲੀਮੈਂਟ ਵਿਚ ਭੇਜਣ ਦੀ ਜਿੰਮੇਵਾਰੀ ਨਿਭਾਈ ਜਾਵੇ । ਤਾਂ ਕਿ ਅਸੀ ਇਨ੍ਹਾਂ ਪੰਜਾਬ ਵਿਰੋਧੀ ਤਾਕਤਾਂ ਤੇ ਆਗੂਆਂ ਨਾਲ ਇੰਡੀਆਂ ਦੀ ਪਾਰਲੀਮੈਂਟ ਵਿਚ ਤਕੜੇ ਹੋ ਕੇ ਲੜਾਈ ਵੀ ਲੜ ਸਕੀਏ ਅਤੇ ਖਾਲਸਾ ਪੰਥ ਦੀ ਆਜਾਦੀ ਦੇ ਮਿਸਨ ਦੀ ਮੰਜਿਲ ਵੱਲ ਵੱਧ ਸਕੀਏ।

# 'ਗੁਰਦੁਆਰਾ ਸ਼ਹੀਦ ਸਿੰਘਾਂ' ਪਿੰਡ ਪੰਜਵੜ੍ਹ ਵਿਖੇ 6 ਮਈ ਨੂੰ ਸ਼ਹੀਦ ਭਾਈ ਪੰਜਵੜ ਦੀ ਸ਼ਹਾਦਤ ਨੂੰ ਸਮਰਪਿਤ ਸਜੇਗਾ ਪਹਿਲਾਂ ਸ਼ਹੀਦੀ ਦੀਵਾਨ: ਬਾਬਾ ਮਹਿਰਾਜ



ਨਵੀਂ ਦਿੱਲੀ, 29 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਸਿੱਖ ਸੰਘਰਸ਼ ਦੀ ਚਲ ਰਹੀ ਮੌਜੂਦਾ ਲਹਿਰ ਦੇ ਖਾੜਕੂ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੇ ਪਹਿਲੇ ਸ਼ਹੀਦੀ ਸਮਾਗਮ ਸਬੰਧੀ ਤਲਵੰਡੀ ਸਾਬੋਂ ਵਿਖੇ ਵੱਖ ਵੱਖ ਜਥੇਬੰਦੀਆਂ ਵੱਲੋਂ ਸੰਗਤਾਂ ਦੀ ਸਮੂਲੀਅਤ ਤੇ ਪ੍ਰਬੰਧਾਂ ਦੇ ਮਾਮਲਿਆਂ ਨੂੰ ਲੈ ਕੇ ਹੋਈ ਬੈਠਕ 'ਚ ਸਿੱਖ ਆਗੂਆਂ ਨੇ ਆਪੋ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਕਿਹਾ ਕਿ ਇਸ ਪਹਿਲੇ ਸ਼ਹੀਦੀ ਸਮਾਗਮ ਨੂੰ ਨਿਰੋਲ ਗੁਰਮਤਿ ਸਿਧਾਤਾਂ ਅਨੁਸਾਰ ਸੰਪੂਰਨ ਕੀਤਾ ਜਾਵੇ ਨਾ ਕਿ ਕਿਸੇ ਧਿਰ ਵਲੋਂ ਕਿਸੇ ਕਿਸਮ ਦਾ ਸਿਆਸੀ ਲਾਭ ਲੈਣ ਲਈ ਯਤਨ ਕੀਤੇ ਜਾਣ। ਇਸ ਬੈਠਕ ਵਿਚ ਪੰਥ ਸੇਵਕ ਜਥਾ ਵਲੋਂ ਬਾਬਾ ਹਰਦੀਪ ਸਿੰਘ ਮਹਿਰਾਜ, ਗੁਰਵਿੰਦਰ ਸਿੰਘ ਬਠਿੰਡਾ, ਭਾਈ ਪਰਨਜੀਤ ਸਿੰਘ ਕੋਟਫ਼ੱਤਾ ਦੋਹੇਂ ਆਗੂ ਦਲ ਖ਼ਾਲਸਾ, ਪੰਥ ਸੇਵਕ ਜਥਾ ਮਾਲਵਾ ਲੱਖੀ ਜੰਗਲ ਵਲੋਂ ਬਾਬਾ ਸਵਰਨ ਸਿੰਘ ਕੋਟਧਰਮੂ, ਭਾਈ ਗੁਰਪਾਲ ਸਿੰਘ ਧਿੰਗੜ੍ਹ ਨੇ ਆਪੋਂ ਆਪਣੇ ਵਿਚਾਰ ਪ੍ਰਗਟ ਕਰਦਿਆ ਦੱਸਿਆ ਕਿ 6 ਮਈ ਨੂੰ 'ਗੁਰਦੁਆਰਾ ਸ਼ਹੀਦ ਸਿੰਘਾਂ' ਪਿੰਡ ਪੰਜਵੜ੍ਹ ਵਿਖੇ ਸ਼ਹੀਦੀ ਦੀਵਾਨ ਸਜਾਏ ਜਾਣਗੇ, ਜਿਸ ਉਪਰੰਤ ਪੰਥਕ ਤੇ ਖਾੜਕੂ ਲਹਿਰ ਨਾਲ ਸਬੰਧਤ ਸਖ਼ਸੀਅਤਾਂ ਸੰਗਤਾਂ ਦੇ ਸਨਮੁੱਖ ਹੋਣਗੀਆਂ।ਉਹਨਾਂ ਕਿਹਾ ਕਿ ਸਮੇਂ ਦੀ ਜਰੂਰਤ ਹੈ ਕਿ ਅਜੋਕੀ ਪੀੜ੍ਹੀ ਨੂੰ ਮੌਜੂਦ ਸੰਘਰਸ਼ ਦੀ ਬੁਨਿਆਦ ਤੇ ਲੜ੍ਹਨ ਦੇ ਕਾਰਣਾਂ 'ਤੇ ਚਾਨਣਾ ਪਾਇਆ ਜਾਵੇਗਾ। ਉਹਨਾਂ ਇਲਾਕੇ ਦੀਆਂ ਸੰਗਤਾਂ ਨੂੰ ਇਸ ਸ਼ਹੀਦੀ ਸਮਾਗਮ ਵਿਚ ਵੱਡੀ ਗਿਣਤੀ 'ਚ ਪੁੱਜਣ ਦੀ ਅਪੀਲ ਵੀ ਕੀਤੀ। ਇਸ ਮੌਕੇ ਭਾਈ ਰਾਜਵਿੰਦਰ ਸਿੰਘ ਟਿੱਬੀ, ਭਾਈ ਗੁਰਧਿਆਨ ਸਿੰਘ, ਭਾਈ ਗੁਰਪਾਲ ਸਿੰਘ ਰੌੜਕੀ, ਲਵਪ੍ਰੀਤ ਸਿੰਘ, ਭਾਈ ਪ੍ਰਦੀਪ ਸਿੰਘ ਭਾਗੀਵਾਂਦਰ ਆਦਿ ਵੀ ਹਾਜ਼ਰ ਸਨ।

# ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ ਸਜਾਇਆ



**ਕਰਤਾਰਪੁਰ, 29 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-** ਧੰਨ ਧੰਨ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਸਰਬ ਸਾਂਝੀ ਸੇਵਾ ਸੁਸਾਇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਅੰਮ੍ਰਿਤ ਵੇਲੇ ਨਗਰ ਕੀਰਤਨ ਗੁਰਦੁਆਰਾ ਥੰਮ ਜੀ ਸਾਹਿਬ ਤੋ ਸਵੇਰੇ 6 ਵਜੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਆਰੰਭ ਹੋਇਆ। ਜਿਸ ਵਿਚ ਵਡੀ ਗਿਣਤੀ ਵਿਚ ਸੰਗਤਾਂ ਨੇ ਭਾਗ ਲਿਆ। ਅਤੇ ਕੀਰਤਨੀ ਜੱਥਿਆਂ ਵਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ। ਨਗਰ ਵਿਚ ਵੱਖ ਵੱਖ ਥਾਵਾਂ ਤੇ ਸੰਗਤਾਂ ਵਲੋਂ ਲੰਗਰ ਲਗਾਏ ਗਏ ਅਤੇ ਫੁੱਲਾਂ ਦੀ ਵਰਖਾ ਕੀਤੀ ਗਈ। ਸਮਾਪਤੀ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਜਿਹਨਾਂ ਦਾ ਭੋਗ 30 ਅਪ੍ਰੈਲ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਪਾਇਆ ਜਾਵੇਗਾ ਅਤੇ ਉਪਰੰਤ ਮਹਾਨ ਕੀਰਤਨ ਦਰਬਾਰ ਗੁਰਦੁਆਰਾ ਥੰਮ ਜੀ ਸਾਹਿਬ ਵਿਖੇ 2 ਵਜੇ ਤੱਕ ਕਰਵਾਇਆ ਜਾਵੇਗਾ, ਜਿਸ ਵਿਚ ਕੀਰਤਨੀ ਰਾਗੀ ਜੱਥੇ ਅਤੇ ਕਥਾਂ ਵਾਚਕ ਗੁਰਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

### ਪੰਜਾਬ ਵਣ ਵਿਭਾਗ ਦੇ ਡਰਾਈਵਰਾਂ ਨੂੰ

# ਸਰਕਾਰ ਬਿਨ੍ਹਾਂ ਸ਼ਰਤ ਪੱਕਾ ਕਰੇ—ਆਗੂ



**ਫ਼ਿਰੋਜ਼ਪੁਰ, 29 ਅਪ੍ਰੈਲ (ਮਨੋਹਰ ਲਾਲ) :—** ਪੰਜਾਬ ਵਣ ਵਿਭਾਗ ਡਰਾਈਵਰ ਐਸੋਸੀਏਸ਼ਨ ਦੀ ਸੂਬਾਈ ਮੀਟਿੰਗ ਸੂਬਾ ਪ੍ਰਧਾਨ ਮਹਿਲ ਸਿੰਘ ਫਿਰੋਜ਼ਪੁਰ ਦੀ ਪ੍ਰਧਾਨਗੀ ਹੇਠ ਐਤਵਾਰ ਨੂੰ ਵਣ ਚੇਤਨਾ ਕੇਂਦਰ ਚਿੜੀਆਂ ਘਰ ਲੁਧਿਆਣਾ ਵਿਖੇ ਹੋਈ। ਇਸ ਮੀਟਿੰਗ ਵਿਚ ਵੱਖ—ਵੱਖ ਮੰਡਲਾਂ ਤੋਂ ਵੱਡੀ ਗਿਣਤੀ ਵਿਚ ਵਣ ਵਿਭਾਗ ਵਿੱਚ ਕੰਮ ਕਰਦੇ ਡਰਾਈਵਰਾਂ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਡਰਾਈਵਰਾਂ ਨੂੰ ਡਿਊਟੀ ਦੌਰਾਨ ਆਉਂਦੀਆਂ ਦਰਪੇਸ਼ ਮੁਸ਼ਕਲਾਂ ਸਬੰਧੀ ਵਿਚਾਰ—ਵਟਾਂਦਰਾ ਕੀਤਾ ਅਤੇ ਮੰਗਾਂ ਨੂੰ ਲਾਗੂ ਕਰਵਾਉਣ ਲਈ ਅਤੇ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਸਹਿਯੋਗ ਦੇਣ ਦੀ ਮੰਗ ਕੀਤੀ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜੰਗਲੀਂ ਜੀਵ ਸੁਰੱਖਿਆ ਅਤੇ ਵਣ ਵਿਭਾਗ ਵਿੱਚ ਸਰਕਾਰੀ ਗੱਡੀਆਂ ਤੇ 10 ਸਾਲ ਤੋਂ ਵੱਧ ਸਮਾਂ ਡਰਾਈਵਰ ਦੀ ਡਿਊਟੀ ਕਰਨ ਵਾਲੇ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਪੱਕਾ ਕੀਤਾ ਜਾਵੇ, 10 ਸਾਲ ਤੋਂ ਘੱਟ ਕੰਮ ਕਰਨ ਵਾਲੇ ਡਰਾਈਵਰਾਂ ਦਾ ਬਰਾਬਰ ਕੰਮ ਬਰਾਬਰ ਤਨਖਾਹ ਦਿੱਤੀ ਜਾਵੇ, ਸਰਕਾਰੀ ਗੱਡੀਆਂ ਦੇ ਬੀਮੇ ਕਰਵਾਏ ਜਾਣ ਅਤੇ ਗੱਡੀਆਂ ਦੀ ਸਮੇਂ ਸਿਰ ਮੈਟੀਨੈਸ ਕਾਰਵਾਈ ਜਾਵੇ। ਉਨ੍ਹਾਂ ਮੰਗ ਕੀਤੀ ਕਿ ਡਰਾਈਵਰਾ ਨੂੰ ਮਹੀਨੇ ਦੀ 7 ਤਰੀਕ ਤੱਕ ਤਨਖਾਹਾਂ ਰਿਲੀਜ਼ ਕੀਤੀਆਂ ਜਾਣ, ਡਰਾਈਵਰਾਂ ਦਾ ਸਰਕਾਰੀ ਤੌਰ ਤੇ ਬੀਮਾ ਕਰਵਾਇਆ ਜਾਵੇ, ਦੁਰਘਟਨਾ ਦੌਰਾਨ ਡਰਾਈਵਰ ਦੇ ਪਰਿਵਾਰ ਨੂੰ ਨੋਕਰੀ ਦਿਤੀ ਜਾਵੇ ਅਤੇ ਪੱਕੇ ਮੁਲਾਜ਼ਮਾ ਵਾਲੀਆਂ ਸਹੂਲਤਾਂ ਦਿਤੀਆਂ ਜਾਣ। ਮੁਲਾਜ਼ਮ ਆਗੂਆਂ ਨੇ ਮੰਗ ਕੀਤੀ ਕਿ ਸਰਕਾਰੀ ਕੁਆਰਟਰ ਮੁਹਾਇਆ ਕਰਵਾਏ ਜਾਣ ਅਤੇ ਵਿਭਾਗ ਵੱਲੋਂ ਡਰਾਈਵਰਾਂ ਦੇ ਸ਼ਨਾਖ਼ਤੀ ਕਾਰਡ ਬਣਾਏ ਜਾਣ ਤਾਂ ਜੋ ਮੁਲਾਜ਼.ਮਾਂ ਨੂੰ ਕੁਝ ਸਹੂਲਤਾਂ ਪ੍ਰਾਪਤ ਹੋ ਸਕਣ ਅਤੇ ਉਹ ਆਪਣਾ ਜੀਵਨ ਬਸਰ ਸਹੀ ਕਰ ਸਕਣ। ਇਸ ਮੌਕੇ ਮਹੇਸ਼ਵਰ ਦਿਆਲ ਸੂਬਾ ਖਜਾਨਚੀ, ਕੁਲਦੀਪ ਸਿੰਘ ਸੀਨੀਅਰ ਮੀਤ ਪ੍ਰਧਾਨ ਪਟਿਆਲਾ, ਰਜਿੰਦਰ ਕੁਮਾਰ ਮੀਤ ਪ੍ਰਧਾਨ ਅਬੋਹਰ, ਪਰਗਾਸ ਸਿੰਘ ਮੈਂਬਰ, ਸ਼ਮਸ਼ੇਰ ਸਿੰਘ ਮਾਨਸਾ ਮੈਂਬਰ, ਪੂਰਨ ਸਿੰਘ ਸਰਕਲ ਪ੍ਰਧਾਨ ਜਲਾਲਾਬਾਦ, ਜਤਿੰਦਰ ਸਿੰਘ ਬੰਟੀ ਪਟਿਆਲਾ, ਰਣਜੀਤ ਮਨੀ, ਰਾਜਾ ਰਾਮ, ਮਨਜੀਤ ਸਿੰਘ, ਜਗਤਾਰ ਸਿੰਘ ਮਾਨਸਾ, ਬਲਦੇਸ ਸਿੰਘ, ਲਖਵੀਰ ਸਿੰਘ, ਨਵੀਨ ਕੁਮਾਰ ਹੁਸ਼ਿਆਰਪੁਰ, ਜਗਤਾਰ ਸਿੰਘ, ਰਕੇਸ਼ ਕੁਮਾਰ ਮਲੇਰਕੋਟਲਾ, ਸਤਨਾਮ ਸਿੰਘ, ਗੁਰਮੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਰਕਰ ਹਾਜ਼ਰ ਸਨ।

### ਸੀਨੀਅਰ ਸਿਟੀਜਨ ਫੋਰਮ ਵੱਲੋਂ ਮਹੀਨਾਵਰ ਮੀਟਿੰਗ ਵਿਚ

# ਆਪਣੇ ਮੈਂਬਰਾਂ ਤੇ ਅਹੁਦੇਦਾਰਾਂ ਦੇ ਮਨਾਏ ਜਨਮ ਦਿਨ



**ਫ਼ਿਰੋਜ਼ਪੁਰ, 29 ਅਪ੍ਰੈਲ (ਮਨੋਹਰ ਲਾਲ) :—** ਸੀਨੀਅਰ ਸਿਟੀਜਨ ਫੋਰਮ ਦੀ ਮਹੀਨਾਵਰ ਮੀਟਿੰਗ ਹੋਈ। ਇਸ ਮੀਟਿੰਗ ਵਿਚ ਕਈ ਵਿਚਾਰ ਵਟਾਂਦਰੇ ਕੀਤੇ ਅਤੇ ਮੈਂਬਰਾਂ ਅਤੇ ਅਹੁਦੇਦਾਰਾਂ ਦੇ ਜਨਮ ਦਿਨ ਬੜੀ ਸ਼ਰਧਾ ਭਾਵਨਾ ਨਾਲ ਮਨਾਏ ਗਏ। ਇਸ ਮੌਕੇ ਤੇ ਚੇਅਰਮੈਨ ਐਸ.ਪੀ ਖੇੜਾ, ਪ੍ਰਧਾਨ ਪਰਦੀਪ ਧਵਨ, ਜਨਰਲ ਸਕੱਤਰ ਸਤੀਸ਼ ਪੁਰੀ, ਕੈਸ਼ੀਅਰ ਅਵਤਾਰ ਸਿੰਘ, ਪੈਟਰਨ ਸ਼ਾਮ ਲਾਲ ਕੱਕੜ, ਦੇਸ ਤੁਲੀ, ਵਿਨੋਦ ਗੋਇਲ ਸੀਨੀਅਰ ਵਾਈਸ ਪ੍ਰਧਾਨ, ਰਮੇਸ਼ ਅਗਰਵਾਲ, ਤਿਲਕ ਰਾਜ ਏਰੀ, ਸ਼ਾਮ ਲਾਲ ਗੱਖੜ, ਚੇਅਰਮੈਨ ਪਰਵੀਨ ਧਵਨ, ਸੁਭਾਸ਼ ਚੋਧਰੀ, ਸੁਰਿੰਦਰ ਬੇਰੀ, ਸੁਰਿੰਦਰ ਬਿਲਾਸੀ, ਅਸ਼ੋਥ ਸ਼ਰਮਾ ਪ੍ਰੈਸ ਸੈਕਟਰੀ ਅਹੁਦੇਦਾਰ ਹਾਜ਼ਰ ਹੋਏ। ਇਸ ਮੌਕੇ ਤੇ ਭਜਨ ਗੀਤ ਸੰਗੀਤ ਜਿਨ੍ਹਾਂ ਵਿਚ ਦਾਸ ਗੁਲਾਟੀ, ਸ਼ਿਵ ਦਰਸ਼ਨ, ਅਸ਼ੋਕ ਕੱਕੜ, ਰਕੇਸ਼ ਸ਼ਰਮਾ, ਰਮੇਸ਼ ਅਗਰਵਾਲ, ਗੁਰਦੇਸ ਮਿੱਤਲ, ਸੁਭਾਸ਼ ਡੋਡ, ਐਸ.ਪੀ ਖੇੜਾ, ਤਿਲਕ ਰਾਜ ਏਰੀ ਨੇ ਸੁਣਾ ਕੇ ਵਾਹ—ਵਾਹ ਖੱਟੀ। ਇਸ ਮੌਕੇ ਬਾਗੀ ਹਸਪਤਾਲ ਦੇ ਡਾਕਟਰਾਂ ਨੇ ਕਈ ਸੁਝਾਅ ਦਿੱਤੇ ਅਤੇ ਕਿਹਾ ਕਿ ਤੁਸੀਂ 15—15 ਸੀਨੀਅਰ ਸਿਟੀਜਨ ਫੋਰਮ ਦੇ ਮੈਂਬਰਾਂ ਦੀ ਟੀਮ ਬਣਾ ਕੇ ਸਾਡੇ ਕੋਲ ਚੈਕਅਪ ਕਰਵਾ ਸਕਦੇ ਹੋ ਤਾਂ ਜ਼ੋ ਤੁਹਾਡੇ ਕੋਈ ਵੀ ਬਿਮਾਰੀ ਹੋਵੇ ਸਮੇਂ ਰਹਿੰਦਿਆਂ ਪਤਾ ਲੱਗ ਸਕੇ। ਜਿਸ ਬਾਰੇ ਐਸ.ਪੀ ਖੇੜਾ ਨੇ ਵੀ ਡਾਕਟਰ ਦੀ ਗੱਲ ਸੁਣ ਕੇ ਸਲਾਹ ਦਿੱਤੀ ਅਤੇ ਕਿਹਾ ਕਿ ਇਹ ਸਾਰੇ ਟੈਸਟ ਮੁਫਤ ਕੀਤੇ ਜਾਣਗੇ। ਇਸ ਮੌਕੇ ਤੇ ਜਿਨ੍ਹਾਂ ਮੈਂਬਰਾਂ ਦਾ ਜਨਮ ਦਿਨ ਮਨਾਇਆ। ਉਨ੍ਹਾਂ ਵਿਚ ਵਿਚ ਡੀ.ਆਰ ਗੋਇਲ, ਦੇਸ ਰਾਜ ਸ਼ਰਮਾ, ਜਗਦੀਸ਼ ਲਾਲ ਕੱਕੜ, ਕੈਲਾਸ਼ ਸ਼ਰਮਾ, ਨਰਿੰਦਰ ਨਾਥ ਵਧਾਵਣ, ਉਮ ਪ੍ਰਕਾਸ਼ ਬਜਾਜ, ਰਾਮ ਕੁਮਾਰ ਚੋਪੜਾ, ਸੁਰਜੀਤ ਸਿੰਘ, ਸੂਰਜ ਪ੍ਰਕਾਸ਼ ਅਤੇ ਨਵਤੇਜ਼ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸੀਨੀਅਰ ਸਿਟੀਜਨ ਫੋਰਮ ਦੇ ਪ੍ਰਧਾਨ ਪਰਦੀਪ ਧਵਨ ਨੇ ਸਭ ਤੋਂ ਪਹਿਲਾਂ ਜਿਨ੍ਹਾਂ—ਜਿਨ੍ਹਾਂ ਸਖਸ਼ੀਅਤਾਂ ਦਾ ਜਨਮ ਦਿਨ ਮਾਰਚ ਅਤੇ ਅਪ੍ਰੈਲ ਵਿਚ ਸੀ, ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਾਨੂੰ ਆਪਸ ਵਿਚ ਬੈਠ ਕੇ ਆਪਣਾ ਜਨਮ ਦਿਨ ਮਨਾਉਣਾ ਚਾਹੀਦਾ ਹੈ। ਇਸ ਨਾਲ ਸਾਡੇ ਵਿਚ ਇਕ ਦੂਜੇ ਪ੍ਰਤੀ ਪਿਆਰ ਦੀ ਭਾਵਨਾ ਵਧਦੀ ਹੈ। ਸਾਡਾ ਸਿਨੀਅਰ ਸਿਟੀਜਨ ਫੋਰਮ ਹੈ, ਇਸ ਵਿਚ ਅਸੀਂ ਸਾਰੇ ਹੀ ਅਹੁਦੇਦਾਰ ਹਾਂ, ਇਥੇ ਕੋਈ ਭੇਦਭਾਵ ਨਹੀਂ। ਇਸ ਮੌਕੇ ਤੇ ਉਨ੍ਹਾਂ ਜਿਹੜੇ ਨਵੇਂ ਆਏ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਸਟੇਜ਼ ਦੀ ਸੇਵਾ ਸਤੀਸ਼ ਪੁਰੀ ਜਨਰਲ ਸਕੱਤਰ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਇਸ ਮੌਕੇ ਤੇ ਛੋਲੇ, ਸਮੋਸੇ, ਗੁਲਾਬ ਜਾਮੁਨ, ਰਸਗੁਲੇ, ਚਾਹ ਦਾ ਨਾਸ਼ਤਾ ਕਰਵਾਇਆ ਗਿਆ।

# ਐਸ ਐਸ.ਪੀ ਹਰੀਸ਼ ਦਾਯਮਾ ਵੱਲੋਂ ਪੁਲਿਸ ਨਾਕਿਆਂ ਦੀ ਅਚਨਚੇਤ ਚੈਕਿੰਗ




**ਸ਼੍ਰੀ ਹਰਗੋਬਿੰਦਪੁਰ ਸਾਹਿਬ ਜੀ 29 ਅਪ੍ਰੈਲ ਕੁਲਜੀਤ ਸਿੰਘ ਖੋਖਰ-**ਸ੍ਰੀ ਦਾਯਮਾ ਹਰੀਸ਼ ਕੁਮਾਰ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਵੱਲੋਂ ਅੱਜ ਪੁਲਿਸ ਜਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਨਾਕਿਆਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਨਾਕਿਆਂ 'ਤੇ ਤਾਇਨਾਤ ਸੁਰੱਖਿਆ ਕਰਮਚਾਰੀਆਂ ਨੂੰ ਉਹਨਾਂ ਦੀ ਡਿਊਟੀ ਸਬੰਧੀ ਬਰੀਫ ਕੀਤਾ ਗਿਆ ਅਤੇ ਹਰ ਆਉਣ-ਜਾਣ ਵਾਲੇ ਵਹੀਕਲਾਂ ਦੀ ਚੰਗੀ ਤਰ੍ਹਾਂ ਚੈਕਿੰਗ ਕਰਨ ਸਬੰਧੀ ਹਦਾਇਤਾਂ ਜ਼ਾਰੀ ਕੀਤੀਆਂ ਗਈਆਂ। ਇਸ ਤੋਂ ਇਲਾਵਾ ਐਸ.ਐਸ.ਪੀ ਵੱਲੋਂ ਨਾਕੇ 'ਤੇ ਖੁਦ ਵੀ ਵਹੀਕਲਾਂ ਦੀ ਚੈਕਿੰਗ ਕੀਤੀ ਗਈ। ਇਸ ਤੋਂ ਇਲਾਵਾ ਸ੍ਰੀ ਦਾਯਮਾ ਹਰੀਸ਼ ਕੁਮਾਰ, ਸੀਨੀਅਰ ਕਪਤਾਨ ਪੁਲਿਸ, ਗੁਰਦਾਸਪੁਰ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਉਹ ਨਜਾਇਜ਼ ਸ਼ਰਾਬ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਅਤੇ ਇਲੈਕਸ਼ਨ ਦੌਰਾਨ ਗੜਬੜੀ ਕਰਨ ਵਾਲੇ ਮਾੜੇ ਅਨਸਰਾਂ ਦੀ ਇਤਲਾਹ ਪੁਲਿਸ ਨੂੰ ਦੇਣ ਤਾਂ ਜੋ ਅਜਿਹੇ ਵਿਅਕਤੀਆਂ ਖਿਲਾਫ ਠੋਸ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਅਮਨ-ਕਾਨੂੰਨ ਦੀ ਸਥਿਤੀ ਨੂੰ ਹਰ ਹੀਲੇ ਬਰਕਰਾਰ ਰੱਖਣ ਲਈ ਜ਼ਿਲ੍ਹਾ ਪੁਲਿਸ ਵਚਨਬੱਧ ਹੈ।

# ਬਾਬਾ ਨਾਨਕ ਜੀ ਨੂੰ ਰਾਇ ਬੁਲਾਰ ਭੱਟੀ ਫਰਿਸਤਾ ਸਮਝਦੇ ਸਨ—ਹਰਪਾਲ ਭੁੱਲਰ



**ਫ਼ਿਰੋਜ਼ਪੁਰ, 29 ਅਪ੍ਰੈਲ (ਮਨੋਹਰ ਲਾਲ) :—** ਸ੍ਰੀ ਗੁਰੂ ਨਾਨਕ ਸਾਹਿਬ ਜੀ ਰਾਇ ਭੋਇ ਦੀ ਤਲਵੰਡੀ ਦੇ ਹਾਕਮ ਰਾਇ ਬੁਲਾਰ ਭੱਟੀ ਸਨ, ਜ਼ੋ ਹਜ਼ਾਰਾਂ ਏਕੜ ਦੇ ਮਾਲਕ ਸਨ, ਉਨ੍ਹਾਂ ਬਾਬਾ ਨਾਨਕ ਜੀ ਨੂੰ ਭਚੰਗੀ ਲਈ ਦਾਤ ਦੀ ਮੰਗ ਕੀਤੀ ਸੀ ਅਤੇ ਦੂਸਰੇ ਸ਼੍ਰੋਮਣੀ ਸੰਗੀਤਕਾਰ ਭਾਈ ਮਰਦਾਨਾ ਜੀ ਸਨ, ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਜੀ ਆਪਣਾ ਭਾਈ ਦਰਸਾਇਆ ਸੀ ਅਤੇ ਰਾਇ ਬੁਲਾਰ ਭੱਟੀ ਜੀ ਨੂੰ ਤੁਰੇਗੀ ਦੀ ਦਾਤ ਸਬੰਧੀ ਵਰ ਦਿੱਤਾ ਸੀ, ਉਨ੍ਹਾਂ ਆਣੀ ਅੱਧੀ ਜਾਇਦਾਦ ਗੁਰੂ ਸਾਹਿਬ ਜੀ ਦੇ ਨਾਮ ਕਰ ਦਿੱਤੀ ਸੀ। ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ, ਜਨਰਲ ਸਕੱਤਰ ਸਰਬਜੀਤ ਸਿੰਘ ਛਾਬੜਾ, ਜਤਿੰਦਰ ਸਿੰਘ, ਸਵਰਨ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਰਾਇ ਬੁਲਾਰ ਜੀ ਬਾਬਾ ਜੀ ਨੂੰ ਫਰਿਸਤਾ ਸਮਝਦੇ ਸੀ ਅਤੇ ਆਖਿਆ ਕਰਦੇ ਸੀ ਮੇਰੇ ਕਵਰ ਬਾਬਾ ਜੀ ਦੇ ਘਰ ਦੇ ਪਿਛੇ ਕੱਚੀ ਜਗ੍ਹਾ ਵਿਖੇ ਬਣਾਈ ਜਾਵੇ, ਹੁਣ ਬਾਬਾ ਜੀ ਤੋਂ ਪਿਛੋਂ ਪਰਿਵਾਰ ਵੱਲੋਂ ਇਹ ਕਵਰ ਨੂੰ ਪੱਕੀ ਕੀਤਾ ਗਿਆ ਅਤੇ ਫਿਰ ਬਾਬਾ ਰਾਇ ਭੋਇ ਦੀ ਤਲਵੰਡੀ ਛੱਡ ਕੇ ਕਰਤਾਰਪੁਰ ਸਾਹਿਬ ਜਾ ਕੇ ਜਮੀਨ ਲੈ ਕੇ ਵਾਹੀ ਖੇਤੀ ਕੀਤੀ ਅਤੇ ਇਥੇ ਗੁਰਜੀ ਦਾ ਪਰਿਵਾਰ ਨੇ ਸਰੀਰ ਛੱਡਿਆ। ਇਥੇ ਹੀ ਗੁਰੂ ਸਾਹਿਬ ਜੀ ਸਰੀਹ ਦੇ ਦਰੱਖਤ ਥੱਲੇ ਚਾਦਰ ਲੈ ਕੇ ਲੰਮੇ ਪਏ ਅਤੇ ਸੱਚਖੰਡ ਜਾ ਬਿਰਾਜੇ, ਹਿੰਦੂਆਂ ਤੇ ਮੁਸਲਮਾਨਾਂ ਉਪਰ ਲਈ ਚਾਦਰ ਵੰਡੀ ਅਤੇ ਉਥੇ ਹੀ ਸਰਹੰਦ ਦੀ ਲਾਇਨ ਵਜ ਗਈ, ਮੁਸਲਮਾਨਾ ਵੰਡੀ ਚਾਦਰ ਵਿਖੇ ਮਜਾਰ ਬਣਾ ਦਿੱਤੀ ਅਤੇ ਹਿੰਦੂਆਂ ਨੇ ਉਥੇ ਯਾਦਗਾਰ ਬਣਾ ਦਿੱਤੀ। ਅੱਜ ਵੀ ਹਿੰਦੂ ਅਤੇ ਮੁਸਲਮਾਨ ਆਪਣੇ—ਆਪਣੇ ਪੀਰ ਅਨੁਸਾਰ ਮੰਨਦੇ ਆ ਰਹੇ ਹਨ। ਇਹ ਦੋਹਾਂ ਦੇਸ਼ਾਂ ਦੀ ਵੰਡ ਬਣ ਗਈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



THE GURBANI SCHOOL
THE GURBANI SCHOOL
ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ
ਗੁਰਬਾਣੀ ਸਕੂਲ ਡਾਊਨਲੋਡ ਕਰੋ।
LEARN THE CORRECT PRONUNCIATION OF GURBANI IN THE CONVENIENCE OF YOUR OWN HOME
GET IT ON
Google Play
Download on the
App Store
12:47
THE GURBANI SCHOOL
Read Gurbani
Language & Preferences
About us
Feedback
Share app
ਆਵਾਜ਼ਿ ਕੌਮ
AWAZE QAUM
International Newspaper & WEB TV
INTERACTIVE LEARNING
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION
8
EIGHT PRAYERS AVAILABLE
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN
AUTO SCROLL GURBANI PLAYER
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION
ੳ
A
अ
MULTILINGUAL
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH